Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 325 | 19/05/2026 | www.samajweekly.com | samajweekly | @samajweekly | samajweekly

# NEET-UG 2026 PAPER LEAK

# ਲਾਤੂਰ ਕੋਚਿੰਗ ਸੈਂਟਰ ਦਾ ਬਾਨੀ ਗ੍ਰਿਫ਼ਤਾਰ

**ਨਵੀਂ ਦਿਲੀ।** CBI ਨੇ NEET-UG ਪੇਪਰ ਲੀਕ ਮਾਮਲੇ ਵਿੱਚ ਮਹਾਰਾਸ਼ਟਰ ਦੇ ਲਾਤੂਰ ਵਿਚਲੇ ਕੋਚਿੰਗ ਸੈਂਟਰ ਦੇ ਬਾਨੀ ਨੂੰ ਗ੍ਰਿਫ਼ਤਾਰ ਕੀਤਾ ਹੈ। ਰੇਣੂਕਾਈ ਕਰੀਅਰ ਸੈਂਟਰ ਦੇ ਬਾਨੀ ਸ਼ਿਵਰਾਜ ਰਘੂਨਾਥ ਮੋਟੇਗਾਓਂਕਰ ਨੂੰ ਐਤਵਾਰ ਸ਼ਾਮੀਂ ਲਾਤੂਰ ਤੋਂ ਕਾਬੂ ਕੀਤਾ ਗਿਆ। ਏਜੰਸੀ ਮੁਤਾਬਕ ਮੁਲਜ਼ਮ ਨੂੰ ਪੇਪਰ ਤੋਂ ਦਸ ਦਿਨ ਪਹਿਲਾਂ ਪ੍ਰੀਖਿਆ ’ਚ ਆਉਣ ਵਾਲੇ ਸਵਾਲ-ਜਵਾਬ ਮਿਲ ਗਏ ਸਨ। ਮੁਲਜ਼ਮ ਨੂੰ ਦਿੱਲੀ ਕੋਰਟ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਨੌਂ ਦਿਨਾ ਸੀ ਬੀ ਆਈ ਰਿਮਾਂਡ ’ਤੇ ਭੇਜ ਦਿੱਤਾ ਹੈ। ਨੀਟ-ਯੂ ਜੀ ਦਾ ਪੇਪਰ ਲੀਕ ਹੋਣ ਕਰ ਕੇ 3 ਮਈ ਨੂੰ ਲਈ ਪ੍ਰੀਖਿਆ ਰੱਦ ਕਰ ਦਿੱਤੀ ਗਈ ਸੀ। ਪ੍ਰੀਖਿਆ ਹੁਣ 21 ਜੂਨ ਨੂੰ ਨਵੇਂ ਸਿਰਿਓਂ ਲਈ ਜਾ ਰਹੀ ਹੈ।

ਸੀ ਬੀ ਆਈ ਨੇ ਦਾਅਵਾ ਕੀਤਾ ਕਿ ਮੋਟੇਗਾਓਂਕਰ ਨੀਟ-ਯੂ ਜੀ ਪ੍ਰੀਖਿਆ ਦੇ ਸਵਾਲ ਲੀਕ ਤੇ ਅੱਗੇ ਸਰਕੁਲੇਟ ਕਰਨ ਵਿੱਚ ਸ਼ਾਮਲ ਸੀ ਅਤੇ ਉਸ ਨੇ ਹੋਰਨਾਂ ਮੁਲਜ਼ਮਾਂ ਨਾਲ ਮਿਲ ਕੇ ਸਾਜ਼ਿਸ਼



ਘੜੀ। ਉਸ ਨੂੰ ਪ੍ਰੀਖਿਆ ਤੋਂ 10 ਦਿਨ ਪਹਿਲਾਂ 23 ਅਪਰੈਲ ਨੂੰ ਕੈਮਿਸਟਰੀ ਦੇ ਸਵਾਲ ਤੇ ਉਨ੍ਹਾਂ ਦੇ ਜਵਾਬ ਮਿਲ ਗਏ ਸਨ। ਅਧਿਕਾਰੀਆਂ ਮੁਤਾਬਕ ਮੋਟੇਗਾਓਂਕਰ ਪੇਪਰ ਲੀਕ ਮਾਮਲੇ ’ਚ ਸ਼ਾਮਲ ਕਥਿਤ ‘ਸੰਗਠਿਤ ਗਰੋਹ ਦਾ ਸਰਗਰਮ ਮੈਂਬਰ’ ਸੀ। ਉਸ ਦੇ ਕੋਚਿੰਗ ਸੈਂਟਰ ਦੀਆਂ 9 ਬਰਾਂਚਾਂ ਹਨ, ਜਿਸ ਵਿੱਚ ਲਾਤੂਰ ਦੀ ਮੁੱਖ ਸ਼ਾਖਾ ਵੀ ਸ਼ਾਮਲ ਹੈ। ਉਹ ਇਸ ਮਾਮਲੇ ਵਿੱਚ ਪਹਿਲਾਂ ਗ੍ਰਿਫ਼ਤਾਰ ਕੈਮਿਸਟਰੀ ਲੈਕਚਰਾਰ ਪੀ ਵੀ ਕੁਲਕਰਨੀ ਦਾ ਨਜ਼ਦੀਕੀ ਦੱਸਿਆ ਜਾਂਦਾ ਹੈ।

ਸੀ ਬੀ ਆਈ ਨੇ ਦਾਅਵਾ ਕੀਤਾ ਕਿ ਲੀਕ ਹੋਏ ਪ੍ਰਸ਼ਨ ਮੁਲਜ਼ਮ ਦੇ ਮੋਬਾਈਲ ਫੋਨ ’ਚੋਂ ਮਿਲੇ ਹਨ। ਸੀ ਬੀ ਆਈ ਨੇ ਪਿਛਲੇ 24 ਘੰਟਿਆਂ ਦੌਰਾਨ ਪੰਜ ਵੱਖ ਵੱਖ ਟਿਕਾਣਿਆਂ ਉੱਤੇ ਮਾਰੇ ਛਾਪਿਆਂ ਦੌਰਾਨ ਅਹਿਮ ਦਸਤਾਵੇਜ਼, ਲੈਪਟਾਪ ਤੇ ਮੋਬਾਈਲ ਫੋਨ ਜ਼ਬਤ ਕੀਤੇ ਹਨ। ਏਜੰਸੀ ਨੇ ਹੁਣ ਤੱਕ ਦਿੱਲੀ, ਜੈਪੁਰ, ਗੁਰੂਗ੍ਰਾਮ, ਨਾਸਿਕ, ਪੁਣੇ, ਲਾਤੂਰ ਤੇ ਅਹਿਲਿਆਨਗਰ ਤੋਂ ਕੁੱਲ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

# ਫਿਰੋਜ਼ਪੁਰ: ਸਤਲੁਜ ਦਰਿਆ ਕਿਨਾਰੇ ਮਜ਼ਬੂਤ ਬੰਨ੍ਹ ਬਣਾਉਣ ਲਈ ਅੱਗੇ ਆਈ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖਸ

## ਹੜ੍ਹਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਬਚਾਉਣ ਲਈ ਸ਼ੁਰੂ ਕੀਤਾ ਵੱਡਾ ਸੇਵਾ ਅਭਿਆਨ

**ਫਿਰੋਜ਼ਪੁਰ:** ਸੰਯੁਕਤ ਰਾਸ਼ਟਰ (UN) ਨਾਲ ਸੰਬੰਧਿਤ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖਸ ਵੱਲੋਂ ਸਤਲੁਜ ਦਰਿਆ ਵਿੱਚ ਆਉਣ ਵਾਲੀਆਂ ਹੜ੍ਹਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਬਚਾਉਣ ਲਈ ਇੱਕ ਵੱਡਾ ਸੇਵਾ ਅਭਿਆਨ ਸ਼ੁਰੂ ਕੀਤਾ ਗਿਆ ਹੈ। ਸੰਸਥਾ ਨੇ ਦਰਿਆ ਦੇ ਕਮਜ਼ੋਰ ਅਤੇ ਸੰਵੇਦਨਸ਼ੀਲ ਕਿਨਾਰਿਆਂ ‘ਤੇ ਮਜ਼ਬੂਤ ਬੰਨ੍ਹ ਤਿਆਰ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਹੜ੍ਹਾਂ ਦਾ ਪਾਣੀ ਪਿੰਡਾਂ ਅਤੇ ਖੇਤਾਂ ਵਿੱਚ ਦਾਖਲ ਨਾ ਹੋ ਸਕੇ। ਯੂਨਾਈਟਡ ਸਿੱਖਸ ਫਿਰੋਜ਼ਪੁਰ ਦੇ ਇੰਚਾਰਜ ਸ੍ਰੀ ਜਗਮੀਤ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਲੋਕ ਕਈ ਸਾਲਾਂ ਤੋਂ ਹੜ੍ਹਾਂ ਦੀ ਸਮੱਸਿਆ ਨਾਲ ਜੂਝ ਰਹੇ ਹਨ, ਪਰ ਅਜੇ ਤੱਕ ਇਸਦਾ ਕੋਈ ਪੱਕਾ ਹੱਲ ਨਹੀਂ ਨਿਕਲਿਆ ਸੀ। ਇਸੇ ਨੂੰ ਧਿਆਨ ਵਿੱਚ ਰੱਖਦਿਆਂ ਯੂਨਾਈਟਡ ਸਿੱਖਸ ਨੇ ਮਨੁੱਖਤਾ ਅਤੇ ਸੇਵਾ ਦੀ ਭਾਵਨਾ ਨਾਲ ਇਸ ਮਹੱਤਵਪੂਰਨ ਕੰਮ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਸੰਗਤ, ਸੇਵਾਦਾਰਾਂ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਹੋਰ ਵੱਡੇ ਪੱਧਰ ‘ਤੇ ਲਿਜਾਇਆ ਜਾਵੇਗਾ। ਉਨ੍ਹਾਂ ਜਾਣਕਾਰੀ ਦਿੱਤੀ ਕਿ ਬਸਤੀ ਰਾਮ ਲਾਲ ਪਿੰਡ ਨੇੜੇ ਸਤਲੁਜ ਦਰਿਆ ਕਿਨਾਰੇ ਮਜ਼ਬੂਤ ਬੰਨ੍ਹ ਤਿਆਰ ਕੀਤੇ ਜਾਣਗੇ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਨੂੰ ਕਾਫੀ ਰਾਹਤ ਮਿਲਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾ ਅਭਿਆਨ ਸਿਰਫ ਲੋਕਾਂ ਅਤੇ ਕਿਸਾਨਾਂ ਦੀ ਸੁਰੱਖਿਆ ਤੱਕ ਸੀਮਿਤ ਨਹੀਂ, ਸਗੋਂ ਇਸਦਾ ਮਕਸਦ ਮਨੁੱਖਤਾ, ਏਕਤਾ ਅਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦੇਣਾ ਵੀ ਹੈ। ਸ੍ਰੀ ਜਗਮੀਤ ਸਿੰਘ ਨੇ ਹੋਰ ਦੱਸਿਆ ਕਿ ਬਸਤੀ ਰਾਮ ਲਾਲ ਪਿੰਡ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਸਮਾਜ ਸੇਵੀ,



ਪ੍ਰਮੁੱਖ ਸ਼ਖਸੀਅਤਾਂ, ਰਾਜਨੀਤਿਕ ਪ੍ਰਤੀਨਿਧੀਆਂ ਅਤੇ ਧਾਰਮਿਕ ਸੰਤ ਸ਼ਾਮਲ ਹੋਣਗੇ। ਇਸ ਮੌਕੇ ਪਿੰਡ ਦੇ ਸਰਪੰਚ ਸ੍ਰੀ ਜਸਮੇਲ ਸਿੰਘ, ਸ੍ਰੀ ਦਲਜਿੰਦਰ ਸਿੰਘ ਮੰਗਾ ਸਮੇਤ ਕਈ ਮਾਣਯੋਗ ਹਸਤੀਆਂ ਵੀ ਮੌਜੂਦ ਰਹਿਣਗੀਆਂ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਨੁੱਖਤਾ ਭਰੇ ਸੇਵਾ ਅਭਿਆਨ ਦਾ ਹਿੱਸਾ ਬਣਨ ਤਾਂ ਜੋ ਭਵਿੱਖ ਵਿੱਚ ਹੜ੍ਹਾਂ ਵਰਗੀਆਂ ਆਫ਼ਤਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਯੂਨਾਈਟਡ ਸਿੱਖਸ ਦੇ ਸ੍ਰੀ ਅੰਮ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਲਗਭਗ 3 ਕਿਲੋਮੀਟਰ ਖੇਤਰ ਵਿੱਚ ਬੰਨ੍ਹ ਬਣਾਉਣ ਦਾ ਕੰਮ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਕੰਮ ਸ੍ਰੀ ਜਗਮੀਤ ਸਿੰਘ ਦੀ ਯੋਗ ਅਗਵਾਈ ਅਤੇ ਨੇਤ੍ਰਿਤਵ ਹੇਠ ਕੀਤਾ ਜਾ ਰਿਹਾ ਹੈ। ਸ੍ਰੀ ਜਗਮੀਤ ਸਿੰਘ ਨੇ ਕਿਹਾ ਕਿ ਇਸ ਨੇਕ ਕਾਰਜ ਲਈ ਲਗਭਗ ਸਾਰੇ ਰਾਜਨੀਤਿਕ ਦਲਾਂ ਦੇ ਆਗੂ ਇਕੱਠੇ ਹੋਏ ਅਤੇ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਇਸ ਸੇਵਾ ਅਭਿਆਨ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਰਾਣਾ ਗੁਰਮੀਤ ਸਿੰਘ ਸੋਢੀ, ਭਾਰਤੀ ਰਾਸ਼ਟਰੀ ਕਾਂਗਰਸ ਦੇ ਸੰਸਦ ਮੈਂਬਰ ਸ੍ਰੀ ਸ਼ੇਰ ਸਿੰਘ ਘੁਬਾਇਆ, ਸਾਬਕਾ ਵਿਧਾਇਕ ਸ੍ਰੀ ਪਰਮਿੰਦਰ ਸਿੰਘ ਪਿੰਕੀ, ਸ੍ਰੀ ਰਵਿੰਦਰ ਸਿੰਘ ਔਲਖ, ਸ੍ਰੀ ਸੁਖਪਾਲ ਸਿੰਘ ਨੰਨੂ ਅਤੇ ਜਲਾਲ-ਾਬਾਦ ਤੋਂ ਸਾਬਕਾ ਵਿਧਾਇਕ ਸ੍ਰੀ ਰਾਮਿੰਦਰ ਸਿੰਘ ਆਮਲਾ ਸਮੇਤ ਕਈ ਮਾਣਯੋਗ ਸ਼ਖਸੀਅਤਾਂ ਹਾਜ਼ਰ ਸਨ।

# ਦੇਸ਼ ਵਿਚ ਸੂਰਜ ਵਰ੍ਹਾ ਰਿਹਾ ਅੱਗ, ਯੂਪੀ ਵਿਚ 46 ਡਿਗਰੀ ਤੱਕ ਪਹੁੰਚਿਆ ਪਾਰਾ

## ਬਿਹਾਰ ਵਿੱਚ ਸਕੂਲ ਦੀ ਪ੍ਰਾਰਥਨਾ ਦੌਰਾਨ 27 ਵਿਦਿਆਰਥਣਾਂ ਹੋਈਆਂ ਬੇਹੋਸ਼

**ਨਵੀਂ ਦਿਲੀ।** ਦੇਸ਼ ਭਰ ਦੇ ਕਈ ਸੂਬੇ ਤੇਜ਼ ਗਰਮੀ ਦੀ ਲਪੇਟ ਵਿੱਚ ਹਨ। ਐਤਵਾਰ ਨੂੰ ਉੱਤਰ ਪ੍ਰਦੇਸ਼ ਦਾ ਬਾਂਦਾ ਦੇਸ਼ ਦਾ ਸਭ ਤੋਂ ਗਰਮ ਸ਼ਹਿਰ ਰਿਹਾ, ਜਿੱਥੇ ਤਾਪਮਾਨ 46.4 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਝਾਂਸੀ ਵਿੱਚ 44.6 ਡਿਗਰੀ ਸੈਲਸੀਅਸ ਅਤੇ ਪ੍ਰਯਾਗਰਾਜ ਵਿੱਚ 44.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਰਾਜਧਾਨੀ ਲਖਨਊ ਵਿੱਚ ਤਾਪਮਾਨ 41.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 1.4 ਡਿਗਰੀ ਵੱਧ ਹੈ। ਮੱਧ ਪ੍ਰਦੇਸ਼ ਦੇ ਪੰਦਰਾਂ ਅਤੇ ਰਾਜਸਥਾਨ ਦੇ ਸੱਤ ਸ਼ਹਿਰਾਂ ਵਿੱਚ ਤਾਪਮਾਨ 43 ਡਿਗਰੀ ਸੈਲਸੀਅਸ ਤੋਂ ਵੱਧ ਦਰਜ ਕੀਤਾ ਗਿਆ। ਮੱਧ ਪ੍ਰਦੇਸ਼ ਦਾ ਖੰਡਵਾ ਰਾਜ ਵਿੱਚ ਸਭ ਤੋਂ ਗਰਮ ਰਿਹਾ, ਜਿਥੇ ਤਾਪਮਾਨ 44.5 ਡਿਗਰੀ ਸੈਲਸੀਅਸ



ਤੱਕ ਪਹੁੰਚ ਗਿਆ। ਮੌਸਮ ਵਿਭਾਗ ਦੇ ਅਨੁਸਾਰ, ਰਾਜਸਥਾਨ ਵਿੱਚ ਤਾਪਮਾਨ ਇਸ ਹਫ਼ਤੇ 2 ਤੋਂ 3 ਡਿਗਰੀ ਸੈਲਸੀਅਸ ਤੱਕ ਵਧ ਸਕਦਾ ਹੈ। ਕੁਝ ਖੇਤਰਾਂ ਵਿੱਚ, ਤਾਪਮਾਨ 45 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ।

ਇਸ ਦੌਰਾਨ, ਬਿਹਾਰ ਦੋ ਵੱਖ-ਵੱਖ ਮੌਸਮੀ ਪੈਟਰਨਾਂ ਦਾ ਅਨੁਭਵ ਕਰ ਰਿਹਾ ਹੈ। ਕਈ ਜ਼ਿਲ੍ਹਿਆਂ ਵਿੱਚ, ਲੋਕ ਨਮੀ ਵਾਲੀ ਗਰਮੀ ਤੋਂ ਪੀੜਤ ਹਨ, ਜਦੋਂ ਕਿ ਕੁਝ ਇਲਾਕਿਆਂ ਵਿੱਚ, ਮੀਂਹ ਪੈ ਰਿਹਾ ਹੈ। ਸ਼ੇਖਪੁਰਾ ਦੇ ਕਸਤੂਰਬਾ ਗਾਂਧੀ ਗਰਲਜ਼ ਸਕੂਲ ਵਿੱਚ ਸ਼ਨੀਵਾਰ ਸ਼ਾਮ ਨੂੰ ਪ੍ਰਾਰਥਨਾ ਦੌਰਾਨ 27 ਵਿਦਿਆਰਥਣਾਂ ਬੇਹੋਸ਼ ਹੋ ਗਈਆਂ। ਉਨ੍ਹਾਂ ਸਾਰਿਆਂ ਨੂੰ ਸ਼ੇਖਪੁਰਾ ਸਦਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

# ਪਟਿਆਲਾ ਦੇ ਨਿਊ ਲਾਲ ਬਾਗ ਇਲਾਕੇ ’ਚ ਮੈਡੀਕਲ ਸਟੂਡੈਂਟ ਦਾ ਕਤਲ

**ਪਟਿਆਲਾ:** ਪਟਿਆਲਾ ਦੇ ਨਿਊ ਲਾਲ ਬਾਗ ਇਲਾਕੇ ਵਿੱਚ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ 24 ਸਾਲਾ ਨੌਜਵਾਨ ਕਮਲ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਅਤੇ ਫੋਰੈਂਸਿਕ ਟੀਮ ਮੌਕੇ ‘ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਦੀ ਪਹਿਚਾਣ ਕਮਲ ਵਜੋਂ ਹੋਈ ਹੈ। ਫਿਲਹਾਲ ਕਤਲ ਦੇ ਕਾਰਨਾਂ ਦਾ ਕੋਈ ਖੁਲਾਸਾ ਨਹੀਂ ਹੋ ਸਕਿਆ। ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਲ-ਾਕੇ ਦੇ ਸੀਸੀਟੀਵੀ ਕੈਮਰੇ ਵੀ ਖੰਗਾਲੇ ਜਾ ਰਹੇ ਹਨ। ਘਟਨਾ ਸਥਾਨ ‘ਤੇ ਪੁਲਿਸ ਦੇ ਉੱਚ ਅਧਿਕਾਰੀ, ਸੀਆਈ ਸਟਾਫ ਦੀਆਂ ਟੀਮਾਂ ਅਤੇ ਫੋਰੈਂਸਿਕ ਮਾਹਿਰ ਮੌਜੂਦ ਰਹੇ। ਇਸ ਦੌਰਾਨ ਨੌਜਵਾਨ ਦੇ ਮਾਤਾ-ਪਿਤਾ ਵੀ ਮੌਕੇ ‘ਤੇ ਪਹੁੰਚ ਗਏ, ਜਿੱਥੇ ਮਾਹੌਲ ਕਾਫੀ ਗਮਗੀਨ ਬਣਿਆ ਹੋਇਆ



ਸੀ। ਪੁਲਿਸ ਦਾ ਕਹਿਣਾ ਹੈ ਕਿ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।

# ਖੰਨਾ: ਗਰੀਬ ਜਾਂ ਲੋੜਵੰਦ ਪਰਿਵਾਰਾਂ ਤੋਂ ਨਵਜੰਮੇ ਬੱਚਿਆਂ ਨੂੰ ਖਰੀਦ ਕੇ ਅੱਗੇ ਵੇਚਣ ਵਾਲੇ ਗਿਰੋਹ ਦਾ ਪਰਦਾਫ਼ਾਸ਼

**ਖੰਨਾ:** ਡਾ. ਦਰਪਣ ਆਹਲੂਵਾਲੀਆ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਖੰਨਾ ਦੀ ਰਹਿਨੁਮਾਈ ਹੇਠ ਗੈਂਗਸਟਰਾਂ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਵਿਸੇਸ਼ ਮਹਿੰਮ ਚਲਾਈ ਗਈ ਹੈ, ਇਸ ਮੁਹਿੰਮ ਦੋਰਾਨ ਇੰਸਪੈਕਟਰ ਜਸ਼ਨਪ੍ਰੀਤ ਸਿੰਘ, ਇੰਚਾਰਜ ਸੀ.ਆਈ.ਏ, ਖੰਨਾ ਸਮੇਤ ਪੁਲਿਸ ਪਾਰਟੀ ਨੇ ਉਕਤ ਮੁਕੱਦਮੇ ਵਿੱਚ ਕੁੱਲ 06 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋ ਇੱਕ ਨਵਜਾਤ ਬੱਚਾ ਬਰਾਮਦ ਕੀਤਾ। ਮਿਤੀ 15.05.2026 ਨੂੰ ਵਕਤ ਕਰੀਬ 06:00 PM ਪਰ ਮਹਿਲਾ ਸ:ਥ ਡਿੰਪਲ ਨੰਬਰ 523/ਖੰਨਾ ਪਾਸ ਮੁਖਬਰ ਖਾਸ ਨੇ ਅਲੈਹਦਗੀ ਵਿੱਚ ਹਾਜਰ ਆ ਕੇ ਇਤਲਾਹ ਦਿੱਤੀ ਕਿ ਇਲਾਕੇ ਵਿੱਚ ਇੱਕ ਗਿਰੋਹ ਸਰਗਰਮ ਹੈ ਜੋ ਨਵਜਨਮੇ ਬੱਚੇ ਕਿਸੇ ਗਰੀਬ ਜਾਂ ਲੋੜਬੰਦ ਪਰਿਵਾਰਾਂ ਨੂੰ ਲਾਲਚ ਦੇ ਕੇ ਉਹਨਾ ਪਾਸੋ ਲਿਆ ਕੇ ਅੱਗੇ ਮਹਿੰਗੇ ਭਾਅ ਵਿੱਚ ਲੋਕਾ ਨੂੰ ਵੇਚਦੇ ਹਨ। ਇਸ ਗਿਰੋਹ ਵਿੱਚ ਕੁਲਦੀਪ ਕੌਰ ਪਤਨੀ ਚੇਤਨ ਸਰਮਾ ਵਾਸੀ ਵਾਰਡ ਨੰਬਰ 9 ਵਿਜੈ ਕਲੋਨੀ ਖਮਾਣੋ ਕਲਾਂ ਥਾਣਾ ਖਮਾਣੋ ਜਿਲ੍ਹਾ ਫਤਿਹਗੜ੍ਹ ਸਾਹਿਬ, ਹਰਮੀਤ ਕੌਰ



ਪਤਨੀ ਮੇਜਰ ਸਿੰਘ ਵਾਸੀ ਪਿੰਡ ਨੱਤ ਥਾਣਾ ਸਾਹਨੇਵਾਲ ਜਿਲ੍ਹਾ ਲੁਧਿਆਣਾ ਅਤੇ ਮੋਨਿਕਾ ਪਤਨੀ ਨਿਸ਼ਾਤ ਵਾਸੀ ਪਿੰਡ ਰਾਹੋਣ ਥਾਣਾ ਸਿਟੀ ਖੰਨਾ ਜਿਲ੍ਹਾ ਲੁਧਿਆਣਾ ਸ਼ਾਮਲ ਹਨ ਅਤੇ ਇਸ ਗਿਰੋਹ ਵੱਲੋ ਵੇਚੇ ਗਏ ਬੱਚਿਆ ਦਾ ਇਸਤੇਮਾਲ ਕਿਸੇ ਵੀ ਗੈਰ ਕਾਨੂੰਨੀ ਗਤੀਵਿਧੀ ਵਿੱਚ ਹੋ ਸਕਦਾ ਹੈ ਅਤੇ ਇਹਨਾ ਬੱਚਿਆ ਦੀ ਇਸ ਤਰ੍ਹਾ ਕੀਤੀ ਗਈ ਗੈਰ ਕਾਨੂੰਨੀ ਐਡੋਪਸ਼ਨ (ਗੋਦ ਲੈਣ) ਨਾਲ ਇਹਨਾ ਬੱਚਿਆ ਦਾ ਸੋਸ਼ਣ ਹੋ ਰਿਹਾ ਹੈ ਅਤੇ ਇਹਨਾ ਬੱਚਿਆ ਦੇ ਨਾਲ ਕੋਈ ਵੀ ਅਪਰਾਧ ਘਟਿਤ ਹੋ ਸਕਦਾ ਹੈ। ਜੋ ਅੱਜ ਵੀ ਇਸ ਗਿਰੋਹ ਦੀਆ ਉਪਰੋਕਤ ਔਰਤਾਂ ਇੱਕ ਮਹਿਲਾ ਵਾਸੀ ਪਿੰਡ ਅਜਨਾਲੀ ਜਿਲ੍ਹਾ ਫਤਿਹਗੜ੍ਹ ਸਾਹਿਬ ਪਾਸੋ ਉਸਦਾ ਉਕਤ ਬੱਚਾ ਉਸਨੂੰ ਲਾਲਚ ਦੇ ਕੇ ਜਾਂ ਚੋਰੀ ਕਰਕੇ ਉਸ ਪਾਸੋ ਹਾਸਲ ਕਰਕੇ ਉਕਤ ਬੱਚੇ ਨੂੰ ਵੇਚਣ ਦੀ ਨੀਅਤ ਨਾਲ ਦਾਣਾ ਮੰਡੀ ਰਹੋਣ ਦੇ ਗੇਟ ਪਾਸ ਮੌਜੂਦ ਹਨ ਜੋ ਉਥੇ ਖੜ ਕੇ ਆਪਣੇ ਕਿਸੇ ਗਾਹਕ ਦਾ ਇੰਤਜਾਰ ਕਰ ਰਹੀਆ ਹਨ। ਜਿਸ ਪਰ ਤੁਰੰਤ ਕਰਵਾਈ ਕਰਦਿਆਂ ਧਾਰਾ 143 BNS, 81 JJ ਅਚਟ ਅਧੀਨ ਥਾਣਾ ਸਿਟੀ ਖੰਨਾ ਵਿੱਚ ਮੁਕੱਦਮਾ ਦਰਜ ਕੀਤਾ ਗਿਆ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਮਹਾਰਾਸ਼ਟਰ ਸੜਕ ਹਾਦਸੇ ਵਿਚ 13 ਹਲਾਕ; 16 ਜ਼ਖ਼ਮੀ

**ਪਾਲਘਰ।** ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿੱਚ ਮੁੰਬਈ-ਅਹਿਮਦਾਬਾਦ ਹਾਈਵੇਅ ’ਤੇ ਅੱਜ ਸੜਕ ਹਾਦਸੇ ਵਿਚ 13 ਜਣੇ ਹਲਾਕ ਹੋ ਗਏ ਤੇ ਕਈ ਹੋਰ ਗੰਭੀਰ ਜ਼ਖ਼ਮੀ ਹੋ ਗਏ। ਜ਼ਿਲ੍ਹਾ ਪ੍ਰਸ਼ਾਸਨ ਮੁਤਾਬਕ ਇਹ ਹਾਦਸਾ ਸ਼ਾਮ ਵੇਲੇ ਢਾਨੀਵਾਰੀ ਪਿੰਡ ਨੇੜੇ ਵਾਪਰਿਆ। ਜਾਣਕਾਰੀ ਅਨੁਸਾਰ ਇੱਕ ਆਈਸ਼ਰ ਟੈਂਪੋ ਗਲਤ ਦਿਸ਼ਾ ਵਿਚ ਜਾ ਰਿਹਾ ਸੀ ਤੇ ਇਸ ਵਿੱਚ ਮੰਗਣੀ ਦੀ ਇੱਕ ਰਸਮ ਵਿੱਚ ਸ਼ਾਮਲ ਹੋਣ ਜਾ ਰਹੇ 30 ਤੋਂ 40 ਯਾਤਰੀ ਸਵਾਰ ਸਨ। ਮੁੰਬਈ-ਗੁਜਰਾਤ ਲੇਨ 'ਤੇ ਇਹ ਟੈਂਪੋ ਸਾਹਮਣੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਟਰਾਲੇ ਨਾਲ ਟਕਰਾ ਗਿਆ। ਇਸ ਹਾਦਸੇ ਵਿੱਚ ਇੱਕ ਮੋਟਰਸਾਈਕਲ ਚਾਲਕ ਵੀ ਆ ਗਿਆ। ਪਾਲਘਰ ਦੇ ਐਸ.ਪੀ. ਯਤੀਸ਼ ਦੇਸ਼ਮੁਖ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਗੁਜਰਾਤ-ਮੁੰਬਈ ਸੜਕ 'ਤੇ ਗਲਤ ਪਾਸਿਓਂ ਆ ਰਹੇ ਟੈਂਪੋ ਦੀ ਸਾਹਮਣੇ ਤੋਂ ਆ ਰਹੇ ਕੰਟੇਨਰ ਨਾਲ ਟੱਕਰ ਹੋਈ, ਜਿਸ ਕਾਰਨ 13 ਲੋਕਾਂ ਦੀ ਮੌਕੇ




'ਤੇ ਹੀ ਮੌਤ ਹੋ ਗਈ ਅਤੇ 16 ਤੋਂ ਵੱਧ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਹਾਦਸੇ ਤੋਂ ਤੁਰੰਤ ਬਾਅਦ ਸਥਾਨਕ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਅਤੇ ਹਾਈਵੇਅ 'ਤੇ ਟ੍ਰੈਫਿਕ ਨੂੰ ਤੁਰੰਤ ਬਹਾਲ ਕਰਵਾਇਆ। ਜ਼ਖ਼ਮੀਆਂ ਨੂੰ ਤੁਰੰਤ ਇੰਟੈਂਸਿਵ ਮੈਡੀਕਲ ਕੇਅਰ ਲਈ ਦਹਾਨੂ ਦੇ ਵੇਦਾਂਤ ਹਸਪਤਾਲ ਅਤੇ ਕਾਸਾ ਦੇ ਉਪ-ਜ਼ਿਲ੍ਹਾ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਪਾਲਘਰ ਜ਼ਿਲ੍ਹਾ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਹੁਣ ਜਪਾਨ ਨੇ ਦਿਖਾਈ ਪ੍ਰਵਾਸੀ ਲੋਕਾਂ ’ਤੇ ਸਖ਼ਤੀ

## ਇਮੀਗ੍ਰੇਸ਼ਨ ਨਿਯਮਾਂ ਵਿਚ ਕੀਤੇ ਗਏ ਵੱਡੇ ਬਦਲਾਅ, 30 ਸਾਲ ਤੋਂ ਜਪਾਨ ਰਹਿੰਦੇ ਕਾਰੋਬਾਰੀ ਨੂੰ ਦੇਸ਼ ਛੱਡਣ ਦਾ ਹੁਕਮ

**ਜਪਾਨ ।** ਜਪਾਨ ਸਰਕਾਰ ਵੱਲੋਂ ਵੀ ਹੋਰਨਾਂ ਕਈ ਦੇਸ਼ਾਂ ਵਾਂਗ ਆਪਣੇ ਇਮੀਗ੍ਰੇਸ਼ਨ ਨਿਯਮਾਂ ਵਿਚ ਬਦਲਾਅ ਕੀਤਾ ਗਿਆ ਏ,, ਜਿਸ ਤੋਂ ਬਾਅਦ ਜਪਾਨ ਰਹਿੰਦੇ ਭਾਰਤੀਆਂ ਸਮੇਤ ਹੋਰ ਪਰਵਾਸੀਆਂ ਦੀਆਂ ਮੁਸ਼ਕਲਾਂ ਵਧ ਚੁੱਕੀਆਂ ਨੇ ਕਿਉਂਕਿ ਨਵੇਂ ਨਿਯਮ ਇੰਨੇ ਸਖ਼ਤ ਕਰ ਦਿੱਤੇ ਗਏ ਨੇ,, ਕਿ ਬਹੁਤ ਸਾਰੇ ਲੋਕਾਂ ’ਤੇ ਦੇਸ਼ ਛੱਡਣ ਦੀ ਤਲਵਾਰ ਲਟਕ ਚੁੱਕੀ ਐ। 30 ਸਾਲ ਤੋਂ ਜਪਾਨ ਰਹਿੰਦੇ ਇਕ ਭਾਰਤੀ ਕਾਰੋਬਾਰੀ ਨੂੰ ਵੀ ਜਪਾਨ ਛੱਡਣ ਦੇ ਆਦੇਸ਼ ਹੋ ਚੁੱਕੇ ਨੇ,, ਜਿਸ ਨੇ ਰੋ-ਰੋ ਕੇ ਆਪਣਾ ਦਰਦ ਬਿਆਨ ਕੀਤਾ। ਆਓ ਤੁਹਾਨੂੰ ਦਿਖਾਓਨੇ ਆਂ, ਕੀ ਐ ਪੂਰੀ ਖ਼ਬਰ।

ਸੋਸ਼ਲ ਮੀਡੀਆ ’ਤੇ ਜਪਾਨ ਦਾ ਇਕ ਵੀਡੀਓ ਵਾਇਰਲ ਹੋ ਰਿਹੈ,, ਜਿਸ ਵਿਚ ਇਕ ਭਾਰਤੀ ਰੈਸਟੋਰੈਂਟ ਦੇ ਮਾਲਕ ਨੂੰ ਰੋਂਦੇ ਹੋਏ ਦੇਖਿਆ ਜਾ ਸਕਦੈ,,,ਦਰਅਸਲ ਜਪਾਨ ਸਰਕਾਰ ਵੱਲੋਂ ਉਨ੍ਹਾਂ ਦਾ ਵੀਜ਼ਾ ਰਿਨਿਊ ਕਰਨ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਗਿਆ ਏ,, ਇੱਥੇ ਹੀ ਬਸ ਨਹੀਂ,, ਉਨ੍ਹਾਂ ਨੂੰ ਦੇਸ਼ ਛੱਡਣ ਦਾ ਵੀ ਆਦੇਸ਼ ਦਿੱਤਾ ਗਿਐ। ਭਾਰਤੀ ਮੂਲ ਦੇ ਰੈਸਟੋਰੈਂਟ ਮਾਲਕ ਦਾ ਕਹਿਣਾ ਏ ਕਿ ਇਮੀਗ੍ਰੇਸ਼ਨ ਸੇਵਾ ਏਜੰਸੀ ਦੇ ਸਖ਼ਤ ਨਿਯਮਾਂ ਦੀ ਵਜ੍ਹਾ ਕਰਕੇ ਉਨ੍ਹਾਂ ਦੀ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ ਗਿਆ। ਵੀਡੀਓ ਵਿਚ ਦਿਖਾਈ ਦੇਣ ਵਾਲੇ ਇਸ ਵਿਅਕਤੀ ਦਾ ਨਾਮ ਮਨੀਸ਼ ਕੁਮਾਰ ਐ, ਜੋ ਜਪਾਨ ਵਿਚ ਕਰੀਬ 30 ਸਾਲ ਤੋਂ ਰਹਿ ਰਹੇ ਨੇ ਅਤੇ 18 ਸਾਲ ਤੋਂ ਸੈਤਾਮਾ ਪ੍ਰੀਫੈਕਟਰ ਸ਼ਹਿਰ ਵਿਚ ਇਕ ਭਾਰਤੀ ਰੈਸਟੋਰੈਂਟ ਚਲਾ ਰਹੇ ਨੇ। ਇਕ ਰਿਪੋਰਟ ਦੇ ਮੁਤਾਬਕ ਜਪਾਨ ਵਿਚ ਆਈਐਸਏ ਦੇ ਨਵੇਂ ਨਿਯਮਾਂ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਚੱਲ ਰਹੇ ਨੇ,, ਅਜਿਹੇ ਹੀ ਇਕ ਪ੍ਰਦਰਸ਼ਨ ਵਿਚ ਮਨੀਸ਼ ਕੁਮਾਰ ਵੀ ਸ਼ਾਮਲ ਹੋਇਆ ਸੀ। ਮਨੀਸ਼ ਨੇ ਰੋਂਦੇ ਹੋਏ ਆਖਿਆ : ‘‘ਦੋ ਹਫ਼ਤੇ ਪਹਿਲਾਂ ਆਈਐਸਏ ਨੇ ਮੈਨੂੰ ਅਪਣੇ ਦੇਸ਼ ਭਾਰਤ ਵਾਪਸ ਜਾਣ ਲਈ ਕਿਹਾ। ਮੇਰੇ ਬੱਚੇ ਜਪਾਨ ਵਿਚ ਪੈਦਾ ਹੋਏ ਅਤੇ ਪਲ਼ੇ



ਵਧੇ ਨੇ। ਉਹ ਸਿਰਫ਼ ਜਪਾਨੀ ਭਾਸ਼ਾ ਸਮਝਦੇ ਨੇ। ਮੇਰੇ ਸਾਰੇ ਦੋਸਤ ਵੀ ਜਪਾਨੀ ਹਨ, ਪਰ ਸਾਨੂੰ ਭਾਰਤ ਵਾਪਸ ਜਾਣ ਲਈ ਕਿਹਾ ਜਾ ਰਿਹਾ ਏ, ਮੈਂ ਕੀ ਕਰਾਂ?’’

ਜਪਾਨ ਦੀ ਇਮੀਗ੍ਰੇਸ਼ਨ ਏਜੰਸੀ ਨੇ ਵਿਦੇਸ਼ੀ ਨਾਗਰਿਕਾਂ ਦੀ ਵੀਜ਼ਾ ਲੈਣ ਦੀ ਪ੍ਰਕਿਰਿਆ ਨਾਲ ਜੁੜੇ ਨਿਯਮਾਂ ਵਿਚ ਵੱਡਾ ਬਦਲਾਅ ਕੀਤਾ ਏ। ਜਿਸ ਕਾਰਨ ਜਪਾਨ ਵਿਚ ਰਹਿੰਦੇ ਪਰਵਾਸੀ ਲੋਕਾਂ ਦੀਆਂ ਪਰੇਸ਼ਾਨੀਆਂ ਕਾਫ਼ੀ ਵਧ ਚੁੱਕੀਆਂ ਨੇ। ਨਵੇਂ ਜਪਾਨ ਨਿਯਮਾਂ ਦੇ ਮੁਤਾਬਕ :

ਜਪਾਨ ਦੇ ਨਵੇਂ ਇਮੀਗ੍ਰੇਸ਼ਨ ਨਿਯਮ

- ਕਿਸੇ ਵਿਦੇਸ਼ੀ ਨਾਗਰਿਕ ਕੋਲ ਜਪਾਨ ’ਚ ਕਾਰੋਬਾਰ ਕਰਨ ਲਈ ਘੱਟੋ-ਘੱਟ 30 ਮਿਲੀਅਨ ਯੇਨ ਯਾਨੀ 2 ਕਰੋੜ ਰੁਪਏ ਹੋਣੇ ਹੀ ਚਾਹੀਦੇ ਹਨ।
- ਇਸ ਤੋਂ ਪਹਿਲਾਂ ਦੇ ਨਿਯਮ ਵਿਚ ਇਹ ਰਾਸ਼ੀ 5 ਮਿਲੀਅਨ ਯੇਨ ਯਾਨੀ 30 ਲੱਖ ਰੁਪਏ ਹੁੰਦੀ ਸੀ।
- ਕਾਰੋਬਾਰ ਜਾਂ ਕੰਪਨੀ ਵਿਚ ਕੰਮ ਕਰਨ ਵਾਲਾ ਮੁਲਾਜ਼ਮ ਜਪਾਨੀ ਨਾਗਰਿਕ ਹੋਣਾ ਚਾਹੀਦਾ ਹੈ।
- ਜੇਕਰ ਉਹ ਜਪਾਨੀ ਨਾਗਰਿਕ ਨਹੀਂ ਹੈ ਤਾਂ ਘੱਟੋ-ਘੱਟ ਉਹ ਜਪਾਨ ਦਾ ਸਥਾਈ ਨਿਵਾਸੀ ਹੋਣਾ ਚਾਹੀਦਾ ਹੈ।
- ਨਵੇਂ ਨਿਯਮਾਂ ਮੁਤਾਬਕ ਵੀਜ਼ਾ ਐਪਲੀਕੈਂਟ ਨੂੰ ਐਨ2 ਪੱਧਰ ਤੱਕ ਜਪਾਨੀ ਭਾਸ਼ਾ ਦਾ ਗਿਆਨ ਹੋਣਾ ਚਾਹੀਦਾ ਹੈ।
- ਕਾਰੋਬਾਰ ਕਰਨ ਲਈ ਪੇਸ਼ੇਵਰ ਸਰਟੀਫਿਕੇਟ ਹੋਣਾ ਜ਼ਰੂਰੀ ਕਰ ਦਿੱਤਾ ਗਿਆ ਹੈ।
- ਵਿਦੇਸ਼ੀ ਅਰਜ਼ੀਕਰਤਾਵਾਂ ਨੂੰ ਹੁਣ ਪ੍ਰਬੰਧਨ ਦਾ ਤਜਰਬਾ ਦਿਖਾਉਣਾ ਹੋਵੇਗਾ ਜਾਂ ਉਨ੍ਹਾਂ ਕੋਲ ਸਬੰਧਤ ਕਾਰੋਬਾਰੀ ਯੋਗਤਾ ਹੋਣੀ ਚਾਹੀਦੀ ਹੈ।
- ਵਿਦੇਸ਼ੀ ਕਾਰੋਬਾਰੀਆਂ ਲਈ ਘੱਟੋ ਘੱਟ ਇਕ ਸਥਾਨਕ ਕਰਮਚਾਰੀ ਨੂੰ ਰੁਜ਼ਗਾਰ ਦੇਣਾ ਜ਼ਰੂਰੀ ਕਰ ਦਿੱਤਾ ਗਿਆ ਹੈ।
- ਸਾਰੇ ਵਿਦੇਸ਼ੀ ਨਾਗਰਿਕਾਂ ਨੂੰ ਹੁਣ ਜਪਾਨ ’ਚ ਕਾਰੋਬਾਰ ਕਰਨ ਲਈ ਨਵੇਂ ਨਿਯਮਾਂ ਦੇ ਹਿਸਾਬ ਨਾਲ ਚੱਲਣਾ ਹੋਵੇਗਾ।

ਦੱਸ ਦਈਏ ਕਿ ਜਪਾਨ ਸਰਕਾਰ ਵੱਲੋਂ ਬਣਾਏ ਗਏ ਨਵੇਂ ਇਮੀਗ੍ਰੇਸ਼ਨ ਨਿਯਮਾਂ ਦਾ ਕਾਫ਼ ਵਿਰੋਧ ਵੀ ਹੋ ਰਿਹਾ ਏ। ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਲੋਕਾਂ ਨੇ ਜਪਾਨ ਸਰਕਾਰ ਨੂੰ ਇਕ ਆਨਲਾਈਨ ਮੰਗ ਪੱਤਰ ਵੀ ਸੌਂਪਿਆ ਏ, ਜਿਸ ਵਿਚ 53 ਹਜ਼ਾਰ ਲੋਕਾਂ ਨੇ ਦਸਤਖ਼ਤ ਕੀਤੇ ਨੇ। ਇਸ ਮੰਗ ਪੱਤਰ ਵਿਚ ਵੀਜ਼ਾ ਦੇ ਨਿਯਮਾਂ ਵਿਚ ਬਦਲਾਅ ਕਰਨ ਦੀ ਅਪੀਲ ਕੀਤੀ ਗਈ ਐ। ਉਥੇ ਹੀ ਆਈਐਸਏ ਨਾਲ ਜੁੜੇ ਅਧਿਕਾਰੀਆਂ ਨੇ ਨਾਗਰਿਕਾਂ ਨੂੰ ਭਰੋਸਾ ਦਿੱਤਾ ਏ ਕਿ ਉਹ ਇਨ੍ਹਾਂ ਮੰਗਾਂ ਨੂੰ ਸੀਨੀਅਰ ਅਧਿਕਾਰੀਆਂ ਤੱਕ ਪਹੁੰਚਾਉਣਗੇ। ਕਈ ਵਿਦੇਸ਼ੀ ਕਾਰੋਬਾਰੀਆਂ ਨੂੰ ਡਰ ਐ ਕਿ ਇਨ੍ਹਾਂ ਸਖ਼ਤ ਨਿਯਮਾਂ ਦੀ ਵਜ੍ਹਾ ਕਰਕੇ ਉਨ੍ਹਾਂ ਛੋਟੇ ਕਾਰੋਬਾਰੀਆਂ ਨੂੰ ਨੁਕਸਾਨ ਪਹੁੰਚ ਸਕਦੈ ਜੋ ਸਾਲਾਂ ਤੋਂ ਜਪਾਨ ਵਿਚ ਕੰਮ ਕਰ ਰਹੇ ਨੇ। ਖ਼ੈਰ,, ਹੁਣ ਦੇਖਣਾ ਹੋਵੇਗਾ ਕਿ ਜਪਾਨ ਸਰਕਾਰ ਇਨ੍ਹਾਂ ਨਿਯਮਾਂ ਵਿਚ ਬਦਲਾਅ ਕਰਦੀ ਐ ਜਾਂ ਨਹੀਂ,, ਜਾਂ ਫਿਰ ਜਪਾਨ ਵਿਚ ਰਹਿੰਦੇ ਪਰਵਾਸੀਆਂ ਨੂੰ ਫਿਰ ਤੋਂ ਆਪੋ ਆਪਣੇ ਦੇਸ਼ਾਂ ਵਿਚ ਵਾਪਸ ਪਰਤਣਾ ਹੋਵੇਗਾ।

# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਇੱਕ ਜੂਨ ਤੱਕ ਨਿਆਂਇਕ ਹਿਰਾਸਤ ’ਚ ਭੇਜਿਆ



**ਚੰਡੀਗੜ੍ਹ**

ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਅੱਜ 14 ਦਿਨਾਂ ਲਈ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ ਗਿਆ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਅੱਜ ਕੈਬਨਿਟ ਮੰਤਰੀ ਅਰੋੜਾ ਨੂੰ ਗੁਰੂਗ੍ਰਾਮ ਦੀ ਇੱਕ ਅਦਾਲਤ ’ਚ ਪੇਸ਼ ਕੀਤਾ ਗਿਆ। ਅੱਜ ਮਾਮਲੇ ਦੀ ਸੁਣਵਾਈ ਮਗਰੋਂ ਅਦਾਲਤ ਨੇ ਪਹਿਲੀ ਜੂਨ ਤੱਕ ਸੰਜੀਵ ਅਰੋੜਾ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਕਰੀਬ ਨੌਂ ਦਿਨ ਅਰੋੜਾ ਈ ਡੀ ਦੀ ਹਿਰਾਸਤ ’ਚ ਰਹੇ ਅਤੇ ਇਸੇ ਦੌਰਾਨ ਈ ਡੀ ਨੇ ਜਾਂਚ ’ਚ ਸਹਿਯੋਗ ਨਾ ਕਰਨ ਦੇ ਇਲਜ਼ਾਮ ਵੀ ਸੰਜੀਵ ਅਰੋੜਾ ’ਤੇ ਲਗਾਏ । ਈ.ਡੀ ਵੱਲੋਂ ਮਨੀ ਲਾਂਡਰਿੰਗ ਦੇ ਮਾਮਲੇ ’ਚ 9 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਮਗਰੋਂ ਅਦਾਲਤ ਨੇ ਪਹਿਲਾਂ 7 ਦਿਨਾਂ ਦਾ ਰਿਮਾਂਡ ਦਿੱਤਾ ਗਿਆ ਅਤੇ ਮੁੜ ਦੋ ਦਿਨ ਦਾ ਰਿਮਾਂਡ ’ਚ ਵਾਧਾ ਵੀ ਕੀਤਾ ਗਿਆ ਸੀ। ਸੰਜੀਵ ਅਰੋੜਾ ਵੱਲੋਂ ਗ੍ਰਿਫ਼ਤਾਰੀ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਵੀ ਪਹੁੰਚ ਕੀਤੀ ਗਈ ਸੀ। ਆਮ ਆਦਮੀ ਪਾਰਟੀ ਤਰਫ਼ੋਂ ਕੈਬਨਿਟ ਮੰਤਰੀ ਅਰੋੜਾ ਦੀ ਗ੍ਰਿਫ਼ਤਾਰੀ ਖ਼ਿਲਾਫ਼ ਇੱਕ ਦਿਨ ਪੰਜਾਬ ਭਰ ’ਚ ਮੁਜ਼ਾਹਰੇ ਕੀਤੇ ਗਏ ਸਨ।

ਕੈਬਨਿਟ ਮੰਤਰੀ ਅਰੋੜਾ ਦੀ ਕੰਪਨੀ ਨੂੰ ਪਾਵਰਕੌਮ ਵੱਲੋਂ ਬੈਂਕ ਗਰੰਟੀ ਦੇ ਮਾਮਲੇ ’ਚ ਦਿੱਤੀ ਢਿੱਲ ਦੀ ਘੋਖ ਵੀ ਈ.ਡੀ ਕਰ ਰਹੀ ਹੈ ਅਤੇ ਇਸ ਸਬੰਧ ’ਚ ਪਾਵਰਕੌਮ ਦੇ ਚੇਅਰਮੈਨ ਬਸੰਤ ਗਰਗ ਅਤੇ ਡਾਇਰੈਕਟਰ ਹਰਸ਼ਰਨ ਕੌਰ ਤ੍ਰੇਹਨ ਨੂੰ 20 ਮਈ ਲਈ ਈਡੀ ਨੇ ਤਲਬ ਕੀਤਾ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਘਰੈਲੂ ਗੈਸ ਸਲੰਡਰ ਨਾਂ ਮਿਲਣ ਤੇ ਐਚ ਪੀ ਗੈਸ ਏਜੰਸੀ ਮੂਹਰੇ ਕਿਸਾਨਾ ਨੇ ਲਾਇਆ ਧਰਨਾਂ

## ਧੜਲੇ ਨਾਲ ਹੋ ਰਹੀ ਘਰੈਲੂ ਗੈਸ ਸਲੰਡਰਾਂ ਦੀ ਬਲੈਕ ਪ੍ਰਾਸ਼ਸਨ ਚੁੱਪ :- ਕਿਸਾਨ ਆਗੂ

**ਨਕੋਦਰ ਮਹਿਤਪੁਰ 18 ਮਈ (ਹਰਜਿੰਦਰ ਪਾਲ ਛਾਬੜਾ)** ਭਾਵੇ ਪ੍ਰਾਸ਼ਸਨ ਅਤੇ ਸਰਕਾਰਾ ਕਹਿ ਰਹੀਆ ਹਨ ਕਿ ਘਰੈਲੂ ਗੈਸ ਸਲੰਡਰ ਲੈਣ ਲਈ ਲੋਕਾ ਨੂੰ ਕੋਈ ਮੁਸ਼ਕਲ ਨਹੀ ਆਉਣੀ ਚਾਹੀਦੀ ਪਰ ਦੂਸਰੇ ਪਾਸ ਮਹਿਤਪੁਰ ਦੀ ਐਚ ਪੀ ਗੈਸ ਏਜੰਸੀ ਦਾ ਮਾਲਕ ਅਤੇ ਕਰਿੰਦੇ ਲੋਕਾ ਨੂੰ ਜਾਣਬੁਕ ਕੇ ਤੰਗ ਪ੍ਰੇਸ਼ਾਨ ਕਰ ਰਹੇ ਹਨ ਇਹ ਸ਼ਬਦ ਅੱਜ ਕਿਸਾਨ ਜਥੇਬੰਦੀ ਦੇ ਆਗੂ ਕਸ਼ਮੀਰ ਸਿੰਘ ਪੰਨੂੰ ਨੇ ਉਸ ਸਮੇ ਕਹੇ ਜਦੋ ਕਿਸਾਨਾਂ ਨੇ ਐਚ ਪੀ ਗੈਸ ਏਜੰਸੀ ਮਹਿਤਪੁਰ ਮੋਹਰੇ ਕਿਸਾਨਾ ਵੱਲੋ ਧਰਨਾਂ ਲਗਾਇਆ ਗਿਆ ਸੀ । ਪਿਛਲੇ ਕਈ ਮਹੀਨਿਆ ਤੋ ਮਹਿਤਪੁਰ ਦੀ ਐਚ ਪੀ ਗੈਸ ਏਜੰਸੀ ਮੋਹਰੇ ਗੈਸ ਸਲੰਡਰ ਲੈਣ ਵਾਲੇ ਲੋਕਾਂ ਦੀ ਭੀੜ ਦੇਖਣ ਨੂੰ ਮਿਲ ਰਹੀ ਹੈ । ਧਰਨਕਾਰੀਆ ਨੇ ਕਿਹਾ ਕਿ ਅਸੀ ਪਿਛਲੇ ਦੋ ਮਹੀਨਿਆ ਤੋ ਆਪਣੇ ਘਰੈਲੂ ਗੈਸ ਸਲੰਡਰ ਦੀ ਬੁਕਿੰਗ ਕਰਵਾਈ ਹੈ ਸਾਨੂੰ ਅੱਜ ਤੱਕ ਸਲੰਡਰ ਨਹੀ ਮਿਲਿਆ ਹੈ ਸਾਡੀਆ ਬੁਕਿੰਗਾਂ ਕੈਸੰਲ ਕਰ ਦਿੱਤੀਆ ਜਾਂਦੀਆ ਹਨ । ਅਗਰ ਅਸੀ ਏਜਸ ਆਉਦੇ ਹਾਂ ਤਾ ਗੈਸ ਏਜੰਸੀ ਦੇ ਕਰਿੰਦੇ ਸਾਡੇ ਨਾਲ ਮਾੜਾ ਵਿਵਹਾਰ ਕਰੇ ਹਨ ਅਤੇ ਸਾਨੂੰ ਗੈਸ ਸਲੰਡਰ ਤਾ ਇੱਕ ਪਾਸੇ ਪਰਚੀ ਵੀ ਨਹੀ ਦੇ ਰਹੇ ਹਨ । ਉਨਾਂ ਕਿਹਾ ਕਿ ਸਾਨੂੰ ਕਫੀ ਦਿਨਾਂ ਤੋ ਸਲੰਡਰ ਨਹੀ ਮਿਲ ਰਿਹਾ ਹੈ ਦੂਸਰੇ ਪਾਸੇ ਐਚ ਪੀ ਗੈਸ ਏਜੰਸੀ ਦੇ ਕਰਿੰਦੇ ਮਹਿਤਪੁਰ ਦੇ ਵਿੱਚ ਸ਼ਰੇਆਮ ਬਲੈਕ ਕਰ ਰਹੇ ਹਨ । ਭਰੋਸੈਯੋਗ ਸੂਤਰਾ ਤੋ ਪਤਾ ਚੱਲਿਆ ਕਿ ਪਿਛਲੇ ਦਿੰਨੀ ਇੱਕ ਵਿਆਹ ਵਿੱਚ ਐਚ ਪੀ ਗੈਸ ਏਜੰਸੀ ਦੇ ਕਰਿੰਦਿਆ ਨੇ ਬਲੈਕ ਵਿੱਚ ਸਲੰਡਰ ਦਿੱਤੀ ਸਨ ਸਲੰਡਰਾਂ ਦੇ ਵਿੱਚ ਘੱਟ ਗੈਸ ਹੋਣ ਕਾਰਨ ਉਸ ਵਿਅਕਤੀਆ ਨੇ ਕਰਿੰਦਿਆ ਦੇ ਸਲੰਡਰ ਆਪਣੇ ਕੋਲ ਰੱਖ ਲਏ । ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਸਖਤ ਹਦਾਇਤਾ ਕੀਤੀਆ ਹਨ ਲੋਕਾ ਨੂੰ ਸਮੇ ਸਿਰ ਸਪਲਾਈ ਮਿਲਣੀ ਚਾਹੀਦੀ ਦੂਸਰੇ ਪਾਸੇ ਏਜੰਸੀ ਦੇ ਕਰਮਚਾਰੀਆ ਦੇ ਕੰਨ ਤੇ ਜੂੰ ਵੀ ਨਹੀ ਸਰਕ ਰਹੀ ਹੈ । ਕਿਸਾਨ ਆਗੂ ਕਸ਼ਮੀਰ ਸਿੰਘ ਪੰਨੂੰ ਨੇ ਕਿਹਾ ਕਿ ਅਸੀ ਪ੍ਰਸ਼ਾਸਨ ਪਾਸੋ ਮੰਗ ਕਰਦੇ ਹਾਂ ਕਿ ਬਲਾਕ ਮਹਿਤਪੁਰ ਦੇ ਲੋਕਾ ਨੂੰ ਸਮੇ ਸਿਰ ਘਰੈਲੂ ਗੈਸ ਸਪਲਾਈ ਨਹੀ ਮਿਲੀ ਤਾ ਪ੍ਰਦਰਸ਼ਨ ਹੋਰ ਤੇਜ ਕੀਤਾ ਜਾਵੇਗਾ ਅਤੇ ਜਲੰਧਰ ਜਗਰਾਓ ਰੋਡ ਬੰਦ ਕੀਤਾ ਜਾਵੇਗਾ । ਜਦੋ ਇਸ ਧਰਨੇ ਸਬੰਧੀ ਐਚ ਪੀ ਗੈਸ ਏਜੰਸੀ ਦੇ ਮਾਲਕ ਵਰਿੰਦਰ ਸਿੰਘ ਨਾਲ ਗੱਲ ਕੀਤੀ ਤਾ ਉਨਾਂ ਕਿਹਾ ਕਿ ਪਿਛਿਓ ਸਪਲਾਈ ਦੀ ਘਾਟ ਆਉਣ ਕਾਰਨ ਇਹ ਮੁਸ਼ਕਲ ਆ ਰਹੀ ਹੈ ਭਵਿਖ ਵਿੱਚ ਸਾਰਾ ਕੁਝ ਸਹੀ ਹੋ ਜਾਵੇਗਾ । ਇਸ ਮੌਕੇ ਨਰਿੰਦਰ ਸਿੰਘ ਉਧੋਵਾਲ,ਬਲਵੀਰ ਸਿੰਘ ,ਗੁਰਨਾਮ ਸਿੰਘ ਉਧੋਵਾਲ,ਕੁਲਬੀਰ ਸਿੰਘ ਕੈਮਵਾਲਾ,ਜਸਬੀਰ ਸਿੰਘ,ਬਲਦੇਵ ਸਿੰਘ,ਬਲਰਾਜ ਸਿੰਘ ਅਕਬਰਪੁਰ ਕਲਾਂ,ਇੰਦਰਜੀਤ ਸਿੰਘ ਦਾਨੇਵਾਲ,ਹਰਜਿੰਦਰ ਸਿੰਘ ਖੈਹਰਾ ਮੁਸ਼ਤਰਕਾਂ,ਸੁਖਜਿੰਦਰ ਸਿੰਘ ਜੱਜ,ਕਿਰਪਾਲ ਸਿੰਘ,ਬਲਜੀਤ ਸਿੰਘ ਬਾਲੋਕੀ,ਜਸਪਾਲ ਸਿੰਘ ਬਾਊਪੁਰ,ਮਹਿੰਦਰ ਸਿੰਘ,ਗੁਰਦੇਵ ਸਿੰਘ ਲੋਹਗੜ੍ਹ,ਸਤਪਾਲ ਸਿੰਘ,ਜਸਪਾਲ ਸਿੰਘ ਬਾਊਪੁਰ,ਗੁਰਮੇਲ ਸਿੰਘ ਪਛਾੜੀਆ,ਬਲਵਿੰਦਰ ਸਿੰਘ ਗੋਸੂਵਾਲ ਆਦਿ ਹਾਜਰ ਸਨ ।



ਗੈਸ ਏਜੰਸੀ ਦੇ ਬਾਹਰ ਰੋਸ ਪ੍ਰਦਰਸ਼ਨ ਕਰਦੇ ਹੋਏ ਕਿਸਾਨ ਆਗੂ।

# ਕਾਂਗਰਸ ਪਾਰਟੀ ਪ੍ਰਤੀ ਲੋਕਾਂ ਦਾ ਵਿਸ਼ਵਾਸ ਰਿਹੈ "ਜਿੱਤ"- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

**ਬਲਾਚੌਰ 18 ਮਈ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਦੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਨਾਨਕ ਸਿੰਘ ਬਾਂਠ ਚੇਅਰਮੈਨ ਬਲਾਕ ਸੰਮਤੀ ਬਲਾਚੌਰ ਅਤੇ ਕੇਵਲ ਰਾਮ ਸੀਨੀਅਰ ਵਾਈਸ ਚੇਅਰਮੈਨ ਦੀ ਤਾਜਪੋਸ਼ੀ ਬੀਡੀਪੀਓ ਦਫਤਰ ਵਿਖੇ ਕੀਤੀ ਗਈ। ਅਜੇ ਮੰਗੂਪੁਰ ਵੱਲੋਂ ਨਵ ਨਿਯੁਕਤ ਹਏ ਅਹੁਦੇਦਾਰਾਂ ਨੂੰ ਮੁਬ-ਾਰਕਬਾਦ ਦਿੰਦਿਆਂ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਲੋਕਾਂ ਦਾ ਕਾਂਗਰਸ ਪ੍ਰਤੀ ਵੱਧ ਰਿਹਾ ਵਿਸ਼ਵਾਸ ਪਾਰਟੀ ਵਰਕਰਾਂ ਦੇ ਹੌਸਲੇ ਹੋਰ ਵੀ ਬੁਲੰਦ ਕਰ ਰਿਹਾ ਹੈ। ਅਜੇ ਮੰਗੂਪੁਰ ਵੱਲੋਂ ਦੋਨਾਂ ਹੀ ਅਹੁਦੇਦਾਰਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਵਾਉਣ ਲਈ ਕਿਹਾ ਗਿਆ। ਨਵ ਨਿਯੁਕਤ ਹੋਏ ਚੇਅਰਮੈਨ ਨਾਨਕ ਸਿੰਘ ਬਾਂਠ ਅਤੇ ਸੀਨੀਅਰ ਵਾਈਸ ਪ੍ਰਧਾਨ ਕੇਵਲ ਰਾਮ ਜੀ ਨੇ ਜ਼ਿਲ੍ਹਾ ਪ੍ਰਧਾਨ ਨੂੰ ਵਿਸ਼ਵਾਸ ਦਵਾਇਆ ਕਿ ਅਸੀਂ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਅਜੇ ਮੰਗੂਪੁਰ ਵੱਲੋਂ ਕਾਂਗਰਸ ਪਾਰਟੀ ਦੇ ਵਰਕਰਾਂ ਦਾ ਵੀ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਹਰ ਇੱਕ ਵਰਕਰ ਚੇਅਰਮੈਨ ਹੈ। ਅਜੇ ਮੰਗੂਪੁਰ ਨੇ ਕਿਹਾ ਕਿ 2027 ਵਿੱਚ ਕਾਂਗਰਸ ਪਾਰਟੀ ਅਵੱਲ ਨੰਬਰ ਤੇ ਆਵੇਗੀ ਅਤੇ ਵਿਕਾਸ ਦੀ ਜੋ ਰੇਲਗੱਡੀ ਇਸ ਸਮੇਂ ਪਟਰੀ ਤੋਂ ਉੱਤਰ ਚੁੱਕੀ ਹੈ ਉਸ ਨੂੰ ਦੋਬਾਰਾ ਲੀਹ ਤੇ ਲਿਆਂਦਾ ਜਾਵੇਗਾ।ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਧਰਮਪਾਲ ਸਾਬਕਾ ਚੇਅਰਮੈਨ ਮੀਤ ਪ੍ਰਧਾਨ ਡੀਸੀਸੀ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ ਡੀਸੀਸੀ, ਰਾਜਿੰਦਰ ਸਿੰਘ ਸ਼ਿੰਦੀ ਦਫਤਰ ਸੱਕਤਰ ਡੀਸੀਸੀ, ਨਾਨਕ ਸਿੰਘ ਬਾਂਠ ਚੇਅਰਮੈਨ, ਕੇਵਲ ਰਾਮ ਸੀਨੀਅਰ ਵਾਈਸ ਪ੍ਰਧਾਨ, ਤਰਸੇਮ ਚੌਧਰੀ ਸਾਬਕਾ ਚੇਅਰਮੈਨ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਵਿਜੇ ਮੋਹਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਕੁਲਦੀਪ ਕੁਮਾਰ ਬਲਾਕ ਪ੍ਰਧਾਨ ਕਿਸਾਨ ਵਿੰਗ, ਜਿੰਦਰ ਕੁਮਾਰ ਬਲਾਕ ਪ੍ਰਧਾਨ ਐਸ ਸੀ ਸੈੱਲ, ਟਿੰਕੂ ਪ੍ਰਧਾਨ ਸਾਬਕਾ ਪ੍ਰਧਾਨ ਨਗਰ ਕੌਂਸਲ, ਲਾਲ ਚੇਚੀ ਜਨਰਲ ਸੱਕਤਰ ਡੀਸੀਸੀ, ਸੋਮਨਾਥ ਤਕਲਾ ਸੀਨੀਅਰ ਮੀਤ ਪ੍ਰਧਾਨ ਸ਼ਹਿਰੀ, ਨਰੇਸ਼ ਚੌਧਰੀ ਕੌਂਸਲਰ, ਰਿੱਕੀ ਬਜਾਜ ਸਾਬਕਾ ਕੌਂਸਲਰ, ਪਰਮਜੀਤ ਕੌਰ ਪੰਮੀ ਮਹਿਲਾ ਪ੍ਰਧਾਨ ਸ਼ਹਿਰੀ, ਰਾਕੇਸ਼ ਰਾਣੀ ਜਨਰਲ ਸੱਕਤਰ ਡੀਸੀਸੀ, ਮੋਹਿੰਦਰ ਪਾਲ ਮੀਤ ਪ੍ਰਧਾਨ ਬਲਾਕ ਕਮੇਟੀ ਬਲਾਚੌਰ, ਰਾਜੀਵ ਕੁਮਾਰ ਬਲਾਕ ਸੰਮਤੀ, ਕਿਰਨਦੀਪ ਕੌਰ ਬਲਾਕ ਸੰਮਤੀ, ਮੋਹਿੰਦਰ ਗੰਹੂਣ, ਅਵਤਾਰ ਸਿੰਘ ਬਲਾਕ ਪ੍ਰਧਾਨ ਓ ਬੀ ਸੀ, ਸ਼ਾਮ ਚੌਧਰੀ ਮੰਡਲ ਪ੍ਰਧਾਨ ਸੜੋਆ, ਪ੍ਰੇਮ ਚੇਅਰਮੈਨ ਜਵਾਹਰ ਬਾਲ ਮੰਚ, ਬੌਬੀ ਰਾਣਾਂ ਸਾਬਕਾ ਕੌਂਸਲਰ, ਦਿਨੇਸ਼ ਕੁਮਾਰ, ਦਲੇਲ ਸੈਣੀ, ਨਰੇਸ਼ ਚੇਚੀ ਉਧਨਵਾਲ ਆਦਿ ਸੈਕੜਿਆਂ ਦੀ ਗਿਣਤੀ ਚ ਕਾਂਗਰਸੀ ਵਰਕਰ ਹਾਜਰ ਸਨ।



# ਚੌਥਾ ਸਲਾਨਾ ਘੋੜੇ-ਘੋੜੀਆਂ ਦੀਆਂ ਸਪੱਟਾ ਦੌੜਾਂ ਦਾ ਮੇਲਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਕਰਮਜੀਤ ਚੀਮਾ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਚੌਥਾ ਸਲਾਨਾ ਘੋੜੇ-ਘੋੜੀਆਂ ਦੀਆਂ ਸਪੱਟਾ ਦੌੜਾਂ ਦਾ ਮੇਲਾ ਮਹਿਤਪੁਰ ਤੋਂ ਸ਼ਾਹਕੋਟ ਰੋਡ, ਪਿੰਡ ਬੁਲੰਦਾ, ਜ਼ਿਲ੍ਹਾ ਜਲੰਧਰ ਮਿਤੀ 24 ਮਈ 2026, ਦਿਨ ਐਤਵਾਰ ਨੂੰ ਕਰਵਾਇਆ ਜਾਵੇਗਾ। ਜਿਸ ਵਿੱਚ ਇਨਾਮ ਰੱਖੇ ਗਏ 1 ਤੋਂ 3 ਇਲੈਕਟ੍ਰੋਨਿਕ ਸਕੂਟਰੀ , ਚੌਥਾ= ਇੱਕ ਫਰਿੱਜ, 5ਵਾਂ = ਇੱਕ ਕੂਲਰ,6 ਵਾਂ ਸਾਇਕਲ , 7 ਤੋਂ 10 ਸਾਈਕਲ, 11 ਤੋਂ 15 = 3100 ਰੁਪਏ + ਕੱਪ, 16 ਤੋਂ 25 = 2100 ਰੁਪਏ + ਕੱਪ, ਨੋਟ - ਇਨਾਮਾਂ ਤੋਂ ਇਲਾਵਾ ਭਾਗ ਲੈਣ ਵਾਲੇ ਹਰੇਕ ਘੋੜੇ ਨੂੰ 1100 + ਕੱਪ ਦਿੱਤਾ ਜਾਵੇਗਾ। ਸਪੈਸ਼ਲ 5 ਲੱਕੀ ਕੂਪਨ ਡਰਾਅ ਕੱਢੇ ਜਾਣਗੇ। ਐਂਟਰੀ ਫੀਸ 200 ਰੁਪਏ ਹੋਵੇਗੀ। ਚਾਬਕਾਂ ਦਾ ਕੱਪ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਬੀਬੀਆਂ ਦੇ ਬੈਠਣ ਦਾ ਖਾਸ ਪ੍ਰਬੰਧ ਹੈ।ਗੁਰੂ ਕਾ ਲੰਗਰ ਅਤੁੱਟ ਵਰਤੇਗਾ ਐਂਟਰੀਆਂ ਲਈ ਸੰਪਰਕ ਨੰਬਰ-98738-12000(ਲਾਲੀ ਹੇਅਰ ਕੈਨੇਡਾ)98782-32407 (ਕਰਮਜੀਤ ਚੀਮਾਂ), 98154-64841 (ਸੋਨੂੰ ਗਰੇਵਰ), 62805-05821 (ਗੋਪੀ ਕੰਗ ), 88378-22093 (ਸੁੱਖਾ ਸੰਧੂ ਸ਼ਾਮਪੁਰੀਆ )




The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਿੰਡ ਬੂਲਪੁਰ ਵਿਖੇ ਸੰਤ ਬਾਬਾ ਬੀਰ ਸਿੰਘ ਦਾ 182 ਵਾਂ ਸ਼ਹੀਦੀ ਜੋੜ ਮੇਲਾ ਸ਼ਰਧਾ ਨਾਲ ਮਨਾਇਆ ਗਿਆ

**ਕਪੂਰਥਲਾ, 18 ਮਈ ( ਵਿਸੇਸ ਪ੍ਰਤੀਨਿਧ)**-ਮਹਾਨ ਤਪੱਸਵੀ ਪਰਉਪਕਾਰੀ ਸ਼ਹੀਦ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀ ਨਿੱਘੀ ਯਾਦ ਵਿਚ 182ਵਾਂ ਸਲਾਨਾ ਸ਼ਹੀਦੀ ਜੋੜ ਮੇਲਾ ਸਤਾਈਆਂ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਬੂਲਪੁਰ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਤੇ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਦੌਰਾਨ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਦੂਜੀ ਲੜੀ ਦੇ ਭੋਗ ਪਾਉਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਦੌਰਾਨ ਸੰਤ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਵਾਲੇ, ਸੰਤ ਬਾਬਾ ਲੀਡਰ ਸਿੰਘ ਮੁੱਖ ਸੇਵਾਦਾਰ ਸੈਫਲਾਬਾਦ ਵਾਲੇ, ਬਾਬਾ ਜੈ ਸਿੰਘ ਜੀ ਮਹਿਮਦਵਾਲ ਵਾਲਿਆਂ ਨੇ ਵਿਸੇਸ ਤੌਰ ਤੇ ਸਿਰਕਤ ਕੀਤੀ। ਧਾਰਮਿਕ ਦੀਵਾਨਾਂ ਦੌਰਾਨ ਭਾਈ ਹਰਜਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਨੇ ਕਥਾ ਦੁਆਰਾ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ। ਉਥੇ ਹੀ ਪੰਥ ਪ੍ਰਸਿੱਧ ਢਾਡੀ ਭਾਈ ਮੇਜਰ ਸਿੰਘ ਖਾਲਸਾ ਦੇ ਜਥੇ ਨੇ ਬਾਬਾ ਬੀਰ ਸਿੰਘ ਜੀ ਦੇ ਇਤਿਹਾਸ ਨਾਲ ਸੰਬੰਧਿਤ ਢਾਡੀ ਵਾਰਾਂ ਤੇ ਕਵੀਸ਼ਰ ਭਾਈ ਪ੍ਰਿਤਪਾਲ ਸਿੰਘ ਬਰਗਾੜੀ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਇਸ ਦੌਰਾਨ ਹਲਕਾ ਸੁਲਤਾਨਪੁਰ ਲੋਧੀ ਦੇ

ਸਮਾਜ ਵੀਕਲੀ ਨਿਊਜ਼



ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ ਤੇ ਸੱਜਣ ਸਿੰਘ ਚੀਮਾ ਹਲਕਾ ਇੰਚਾਰਜ (ਆਪ) ਤੇ ਚੇਅਰਮੈਨ ਨਗਰ ਸੁਧਾਰ ਟਰੱਸਟ ਕਪੂਰਥਲਾ ਵੀ ਵਿਸੇਸ ਤੌਰ ਤੇ ਸਮਾਗਮ ਵਿਚ ਨਤਮ-ਸਤਕ ਹੋਏ। ਸਮਾਗਮ ਦੇ ਅੰਤ ਵਿਚ ਸਮਾਗਮ ਨੂੰ ਸਫਲ ਬਣਾਉਣ ਵਾਲੀਆਂ ਸਖ਼ਸੀਅਤਾਂ ਨੂੰ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਸਤਵਿੰਦਰ ਸਿੰਘ, ਸਾਧੂ ਸਿੰਘ, ਅਨਮੋਲ ਪ੍ਰੀਤ ਸਿੰਘ, ਹਰਜਿੰਦਰ ਸਿੰਘ, ਬਲਦੇਵ ਸਿੰਘ,ਗੁਰਿੰਦਰਪਾਲ ਸਿੰਘ, ਜਗਜੀਤ ਸਿੰਘ ਲਖਵਿੰਦਰ ਸਿੰਘ ਦੁਆਰਾ ਵਿਸੇਸ ਸਨਮਾਨ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸਰਵਣ ਸਿੰਘ ਚੰਦੀ ਦੁਆਰਾ ਬਾਖੂਬੀ ਨਿਭਾਈ ਗਈ।ਸਮਾਗਮ ਦੌਰਾਨ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਤੇ ਸਰਪੰਚ ਦਲਜੀਤ ਕੌਰ,ਸੋਹਣ ਸਿੰਘ ਧੰਜੂ, ਤੇਜਿੰਦਰਪਾਲ ਸਿੰਘ, ਕੇਵਲ ਸਿੰਘ, ਬਲਵਿੰਦਰ ਸਿੰਘ, ਕੇਵਲ ਸਿੰਘ ਸਾਬਕਾ ਬੀਪੀ ਈ ਓ, ਸੁਖਵਿੰਦਰ ਸਿੰਘ ਮਹਿਰੋਕ, ਕੇਵਲ ਸਿੰਘ ਧੰਜੂ, ਸਿਮਰਨਜੀਤ ਸਿੰਘ, ਪਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਜੋਸਨ, ਬਲਦੇਵ ਸਿੰਘ ਸਾਬਕਾ ਸਰਪੰਚ, ਮਨਿੰਦਰ ਕੌਰ ਸਾਬਕਾ ਸਰਪੰਚ, ਸੁਖਦੇਵ ਸਿੰਘ, ਲਖਬੀਰ ਸਿੰਘ, ਸਾਧੂ ਸਿੰਘ, ਜਗਜੀਤ ਸਿੰਘ, ਸੁਰਿੰਦਰ ਸਿੰਘ ਚੰਦੀ, ਕੁਲਵਿੰਦਰ ਸਿੰਘ, ਸਰਬਜੀਤ ਸਿੰਘ ਆੜਤੀਆ, ਮਲਕੀਤ ਸਿੰਘ ਆੜਤੀਆ, ਦਰਸ਼ਨ ਸਿੰਘ ਧੰਜੂ, ਨੰਬਰਦਾਰ ਗੁਰਸ਼ਰਨ ਸਿੰਘ, ਭੁਪਿੰਦਰ ਸਿੰਘ, ਕੇਵਲ ਸਿੰਘ ਫੌਜੀ, ਸੁਖਦੇਵ ਸਿੰਘ, ਮਲਕੀਤ ਸਿੰਘ ਮੋਮੀ, ਰੋਹਿਤ ਜੋਸ਼ੀ, ਕਮਲਜੀਤ ਸਿੰਘ ਪਟਵਾਰੀ, ਤੇਜਵਿੰਦਰ ਸਿੰਘ ਕੌੜਾ, ਨਵਜੋਤ ਸਿੰਘ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਜੇਈ ਸੁਜੋਕਾਲੀਆ, ਲੈਕਚਰਾਰ ਜੋਗਿੰਦਰ ਸਿੰਘ,ਗੁਰਪ੍ਰੀਤ ਸਿੰਘ ਹਰਮਿੰਦਰ ਸਿੰਘ ਜੋਸਨ, ਨਰਿੰਦਰਜੀਤ ਸਿੰਘ ਕੌੜਾ ਆਦ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਗੁਰਦੁਆਰਾ ਦੁੱਖ ਨਿਵਾਰਣ ਸ੍ਰੀ ਗੁਰੂ ਨਾਨਕ ਚਰਨਸਰ, ਭੀਖੋਵਾਲ ਵਿਖੇ 75ਵਾਂ ਸਾਲਾਨਾ ਕੀਰਤਨ ਦਰਬਾਰ, ਸੰਤ ਸਮਾਗਮ ਅਤੇ ਭੰਡਾਰੇ ਦਾ ਆਯੋਜਨ

**ਹੁਸ਼ਿਆਰਪੁਰ 18 ਮਈ ( ਤਰਸੇਮ ਦੀਵਾਨਾ )** - ਗੁਰਦੁਆਰਾ ਦੁੱਖ ਨਿਵਾਰਣ ਸ੍ਰੀ ਗੁਰੂ ਨਾਨਕ ਚਰਨਸਰ, ਭੀਖੋਵਾਲ ਵਿਖੇ ਧੰਨ ਧੰਨ ਬਾਬਾ ਭਰਥਰੀ ਸਾਹਿਬ ਜੀ ਦੀ ਪਾਵਨ ਯਾਦ 'ਚ 75ਵਾਂ ਸਾਲਾਨਾ ਕੀਰਤਨ ਦਰਬਾਰ, ਸੰਤ ਸਮਾਗਮ ਅਤੇ ਭੰਡਾਰੇ ਦਾ ਆਯੋਜਨ ਸੰਪੰਨ ਹੋਇਆ। ਇਸ ਤਿੰਨ ਰੋਜ਼ਾ ਧਾਰਮਿਕ ਸਮਾਗਮ 'ਚ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਸ਼ਾਮਲ ਹੋਏ ਅਤੇ ਬਾਬਾ ਭਰਥਰੀ ਸਾਹਿਬ ਜੀ ਦੇ ਪਵਿੱਤਰ ਅਸਥਾਨ 'ਤੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਆਪਣੇ ਪਰਿਵਾਰਾਂ ਦੀ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ। ਸਮਾਗਮ ਦੀਆਂ ਸਮੂਹ ਧਾਰਮਿਕ ਰਸਮਾਂ ਭਾਈ ਬਲਵੰਤ ਸਿੰਘ ਹਜ਼ੂਰੀ ਰਾਗੀ ਭੀਖੋਵਾਲ ਅਤੇ ਭਾਈ ਜਸਵੰਤ ਸਿੰਘ ਵੱਲੋਂ ਸ਼ਰਧਾ ਅਤੇ ਮਰਯਾਦਾ ਅਨੁਸਾਰ ਸੰਪੰਨ ਕੀਤੀਆਂ ਗਈਆਂ। ਸਮਾਗਮ ਦੇ ਅੰਤਿਮ ਦਿਨ 18 ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਉਪਰੰਤ ਵਿਸ਼ਾਲ ਪੰਡਾਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ 'ਚ ਕੀਰਤਨ ਦਰਬਾਰ ਅਤੇ ਸੰਤ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ 'ਚ ਪ੍ਰਮੁੱਖ ਸੰਤ ਮਹਾਪੁਰਸ਼, ਵਿਦ-ਵਾਨ ਅਤੇ ਰਾਗੀ ਜਥੇ ਸ਼ਾਮਲ ਹੋਏ, ਜਿਨ੍ਹਾਂ 'ਚ ਮਹੰਤ ਉਪੇਂਦਰ ਪਰਾਸ਼ਰ ਧਰਮਸ਼ਾਲਾ ਮਹੰਤਾ ਨਜ਼ਦੀਕ ਚਿੰਤਪੁਰਨੀ, ਵਾਤਾਵਰਣ ਪ੍ਰੇਮੀ ਅਤੇ ਰਾਜ ਸਭਾ ਮੈਂਬਰ , ਮਹੰਤ ਰਮਿੰਦਰ ਦਾਸ ਬਹਾਦੁਰਪੁਰ, ਸੰਤ ਬਲਵੰਤ



ਸਿੰਘ ਹਰਖੋਵਾਲ, ਸੰਤ ਰਣਜੀਤ ਸਿੰਘ ਗੁਰਦੁਆਰਾ ਸ਼ਹੀਦ ਸਿੰਘਾਂ ਡਗਾਣੇਵਾਲੇ, ਸੰਤ ਬਾਬਾ ਹਰਦੇਵ ਸਿੰਘ ਤਲਵੰਡੀ ਅਰਾਈਆਂ, ਸੰਤ ਮਹਿੰਦਰ ਸਿੰਘ ਅਗੌਧ, ਸੰਤ ਬਲਬੀਰ ਸਿੰਘ ਖਾਲਸਾ, ਸੰਤ ਜਗਜੀਤ ਸਿੰਘ ਬਰਾੜ੍ਹੀ , ਹਰਚਰਨ ਸਿੰਘ ਖਾਲਸਾ, ਭਗਵਾਨ ਸਿੰਘ ਚੌਹਾਨ, ਸੰਤ ਤੇਜਾ ਸਿੰਘ ਖੁੱਡਾ ਵਾਲੇ, ਸੰਤ ਕਰਨੈਲ ਸਿੰਘ ਨਿਰਮਲਾ ਮੰਡਲ, ਸੰਤ ਬਹਾਦੁਰ ਸਿੰਘ, ਸੰਤ ਸਿਮਰਨ ਸਿੰਘ , ਬਾਬਾ ਨਾਗਰ ਸਿੰਘ, ਸਵਾਮੀ ਮਹਾਦੇਵ ਪੁਰੀ ਗੌਸ਼ਾਲਾ ਮੰਗੂਵਾਲ, ਸੰਤ ਅਮਰਜੀਤ ਸਿੰਘ ਹਰਖੋਵਾਲ, ਭਾਈ ਬਲਵੰਤ ਸਿੰਘ ਹਜ਼ੂਰੀ ਰਾਗੀ ਭੀਖੋਵਾਲ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ, ਭਾਈ ਸੁਰਜੀਤ ਸਿੰਘ ਵਾਰਿਸ ਢਾਡੀ ਜਥਾ, ਸੰਤ ਹਰਜੀਤ ਸਿੰਘ ਮੰਡੀ ਗੋਬਿੰਦਗੜ੍ਹ, ਭਾਈ ਦਲੇਰ ਸਿੰਘ ਢਾਡੀ ਜਥਾ ਅਤੇ ਹੋਰ ਕਈ ਕੀਰਤਨੀ ਸ਼ਾਮਲ ਸਨ। ਇਸ ਮੌਕੇ ਸਾਬਕਾ ਮੁੱਖ ਸੰਸਦੀ ਸਕੱਤਰ ਦੇਸ ਰਾਜ ਸਿੰਘ ਧੁੱਗਾ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਸਾਬਕਾ ਮੰਤਰੀ ਬੀਬੀ ਮਹਿੰਦਰ ਕੌਰ ਜੋਸ਼, ਸਾਬਕਾ ਵਿਧਾਇਕ ਪਵਨ ਆਦੀਆ, ਗੁਰਕੰਵਲ ਸਿੰਘ ਆਈ. ਏ. ਐੱਸ. ਡਿਪਟੀ ਕਮਿਸ਼ਨਰ, ਅਕਾਲੀ ਦਲ ਦੇ ਹਲਕਾ ਇੰਚਾਰਜ ਸੰਦੀਪ ਸਿੰਘ ਸੀਕਰੀ, ਹਰਪ੍ਰੀਤ ਸਿੰਘ ਐੱਮ. ਡੀ., ਅਵਤਾਰ ਸਿੰਘ ਜੌਹਲ, ਮੋਹਨ ਲਾਲ ਪਹਿਲਵਾਨ, ਗੁਰਜੀਤ ਸਿੰਘ ਨੀਲਾ ਨਲੋਆ, ਬਲਜੀਤ ਸਿੰਘ ਭੀਖੋਵਾਲ, ਜਰਨੈਲ ਸਿੰਘ ਗੜ੍ਹਦੀਵਾਲਾ, ਜਸਵਿੰਦਰ ਸਿੰਘ ਵਿਰਦੀ ਯੂ. ਕੇ., ਮਨਜੀਤ ਸਿੰਘ ਪਨੇਸਰ ਯੂ. ਕੇ., ਵਿਜੈ ਸਿੰਘ ਯੂ. ਕੇ., ਭਗਵਾਨ ਸਿੰਘ ਜੌਹਲ, ਬੀਬੀ ਹਰਿੰਦਰਜੀਤ ਕੌਰ, ਬੀਬੀ ਹਰਮੀਤ ਕੌਰ, ਗੁਰਪ੍ਰੀਤ ਗੋਪੀ, ਅਮਨਦੀਪ ਸਿੰਘ ਸੰਨੀ ਅਤੇ ਹੋਰ ਹਾਜ਼ਰ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪ੍ਰਬੰਧਕਾਂ ਨੂੰ ਇਸ ਸਫਲ ਆਯੋਜਨ ਲਈ ਵਧਾਈ ਦਿੱਤੀ ਗਈ।

ਸਮਾਜ ਵੀਕਲੀ ਨਿਊਜ਼

**ਫੋਟੋ ਅਜਮੇਰ ਦੀਵਾਨਾ**

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਭੱਟਲਾਂ ਦੀਆਂ ਬੋਰਡ ਦੀਆਂ ਜਮਾਤਾਂ ਦੇ ਨਤੀਜੇ ਰਹੇ ਸ਼ਾਨਦਾਰ

## ਮਾਪਿਆਂ ਨੂੰ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਸਰਕਾਰੀ ਸਕੂਲ ਵਿੱਚ ਪੜ੍ਹਾਉਣਾ ਚਾਹੀਦਾ ਹੈ- ਬਲਦੇਵ ਸਿੰਘ ਧੁੱਗਾ

**ਹੁਸ਼ਿਆਰਪੁਰ, 18 ਮਈ (ਤਰਸੇਮ ਦੀਵਾਨਾ)** - ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਰਜਕਾਰੀ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਦੇ ਕਮੱਰਸ ਗਰੁੱਪ ਦੇ ਨਤੀਜੇ 'ਚ ਵਿਦਿਆਰਥਣ ਮਹਿਕ ਨੇ 474/ 500 (94.8%) ਅੰਕ ਹਾਸਲ ਕਰਕੇ ਪਹਿਲਾ ਸਥਾਨ, ਪਾਇਲ ਨੇ 455/500 (91%) ਅੰਕ ਹਾਸਲ ਕਰਕੇ ਦੂਜਾ ਸਥਾਨ ਅਤੇ ਕਰਿਸ਼ ਠਾਕੁਰ ਨੇ 446/500 (89.2%) ਅੰਕ ਪ੍ਰਾਪਤ ਕਰਕੇ ਹਾਸਿਲ ਕਰਕੇ ਸਕੂਲ 'ਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ 'ਚ ਗੁਰਸ਼ਰਨ ਕੌਰ ਨੇ 469/500 (93.80%) ਅੰਕ ਹਾਸਿਲ ਕਰਕੇ ਪਹਿਲਾ ਸਥਾਨ, ਰਿਤਿਕਾ 463/500 (92.7%) ਅੰਕ ਪ੍ਰਾਪਤ ਕਰਕੇ ਦੂਸਰਾ ਤੇ ਆਰਤੀ ਨੇ 455/500 (91%) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਨਾਲੀ ਸਿੰਘ ਨੇ 582/650 (89.54%)ਅੰਕ ਪ੍ਰਾਪਤ ਕਰਕੇ ਪਹਿਲਾ, ਨਵਦੀਪ ਸਿੰਘ ਨੇ 581/650 (89.38%) ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਸੁਜਾਤੀ ਰਾਣਾ ਨੇ 579/650 (89.07%) ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੱਠਵੀਂ ਜਮਾਤ ਦੇ ਨਤੀਜਿਆਂ 'ਚ ਰਜ਼ੀਆ ਨੇ 543 600 (90.5 %) ਅੰਕ ਹਾਸਲ ਕਰਕੇ ਪਹਿਲਾ, ਮੁਸਕਾਨ ਦੇਵੀ ਨੇ 534/600 (89%) ਅੰਕ ਹਾਸਲ ਕਰਕੇ ਦੂਸਰਾ ਅਤੇ ਰਾਗਨੀ ਕੁਮਾਰੀ ਨੇ 533/600





(88.83) ਅੰਕ ਹਾਸਿਲ ਕਰ ਕੇ ਸਕੂਲ 'ਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਕਾਰਜਕਾਰੀ ਪ੍ਰਿੰਸੀਪਲ ਬਲਦੇਵ ਸਿੰਘ ਨੇ ਧੁੱਗਾ ਨੇ ਇਸ ਸ਼ਾਨਦਾਰ ਸਫਲਤਾ ਦਾ ਸਿਹਰਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਨੂੰ ਦਿੱਤਾ ਹੈ। ਉਨ੍ਹਾ ਦੱਸਿਆ ਕਿ ਮਿਆਰੀ ਸਿੱਖਿਆ ਦੇ ਨਾਲ-ਨਾਲ ਸਕੂਲ 'ਚ ਹੋਰ ਪਾਠ-ਕ੍ਰਮ ਸਹਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਸਰਕਾਰੀ ਸਕੂਲ ਵਿੱਚ ਪੜ੍ਹਾਉਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਸਰਬ-ਪੱਖੀ ਵਿਕਾਸ ਲਈ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਲੈਕਚਰਾਰ ਗੁਰਦੀਪ ਸਿੰਘ, ਲੈਕਚਰਾਰ ਜਸਵਿੰਦਰ ਸਿੰਘ ਸਹੋਤਾ, ਲੈਕਚਰਾਰ ਸੰਜੀਵ ਕੁਮਾਰ, ਲੈਕਚਰਾਰ ਅੰਮ੍ਰਿਤਪਾਲ ਸਿੰਘ, ਲੈਕਚਰਾਰ ਤਿਲਕ ਰਾਜ, ਅਨੂਪ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ, ਦਲਬੀਰ ਸਿੰਘ, ਲਖਵੀਰ ਸਿੰਘ, ਦੇਵ ਦੱਤ ਸ਼ਰਮਾ, ਮੋਹਨ ਲਾਲ, ਰੋਜ਼ੀ ਸ਼ਰਮਾ, ਮਮਤਾ ਦੇਵੀ, ਸਵਿਤਾ, ਰਮਨੀਤ ਕੌਰ, ਸੁਮਨ ਬਾਲਾ, ਸੁਰਿੰਦਰ ਕੌਰ, ਜਸਵਿੰਦਰ ਕੌਰ ਅਤੇ ਨਸੀਬ ਚੰਦ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਬ੍ਰਹਮਲੀਨ ਸੰਤ ਬਾਬਾ ਪ੍ਰੀਤਮ ਦਾਸ ਜੀ ਦੀ 37ਵੀਂ ਸਾਲਾਨਾ ਬਰਸੀ ਸ਼ਰਧਾ ਸਹਿਤ ਮਨਾਈ ਗਈ

**ਹੁਸ਼ਿਆਰਪੁਰ / ਰਾਏਪੁਰ ਰਸੂਲਪੁਰ (ਤਰਸ ਦੀਵਾਨਾ )** – ਬ੍ਰਹਮਲੀਨ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਵਾਲਿਆਂ ਦੀ 37ਵੀਂ ਬਰਸੀ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਰਾਏ-ਪੁਰ ਰਸੂਲਪੁਰ ਵਿਖੇ ਡੇਰੇ ਦੇ ਗੱਦੀਨਸ਼ੀਨ ਸੰਤ ਬਾਬਾ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਦੀ ਰਹਿਨੁਮਾਈ ਹੇਠ ਮਨਾਈ ਗਈ। ਇਸ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿਚ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਵੱਖ-ਵੱਖ ਡੇਰਿਆਂ ਤੋਂ ਆਏ ਸੰਤ ਮਹਾਪੁਰਸ਼ਾਂ, ਰਾਜਨੀਤਿਕ, ਸਮਾਜਿਕ ਆਗੂਆਂ ਅਤੇ ਬੁੱਧੀਜੀਵੀਆਂ ਨੇ ਵੱਡੇ ਪੱਧਰ ਹਾਜ਼ਰੀ ਭਰਦੇ ਹੋਏ ਸੰਤਾਂ ਮਹਾਂਪੁਰਸਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੰਤ ਬਾਬਾ ਨਿਰਮਲ ਦਾਸ ਜੀ,ਬੇਗਮਪੁਰਾ ਭਜਨ ਮੰਡਲੀ, ਕੀਰਤਨੀ ਜੱਥਿਆਂ ਤੋਂ ਇਲਾਵਾ ਵੱਖ-ਵੱਖ ਰਾਗੀ ਜਥਿਆਂ ਅਤੇ ਕਥਾ ਵਾਚਕਾਂ ਵਲੋਂ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਨਾਰੀ ਸ਼ਕਤੀ ਫਾਊਂਡੇਸ਼ਨ ਦੇ ਪ੍ਰਧਾਨ ਭੈਣ ਸੰਤੋਸ਼ ਕੁਮਾਰੀ, ਵਿੱਤ ਮੰਤਰੀ ਪੰਜਾਬ ਹਰਪਾਲ ਚੀਮਾ, ਦੀਪਕ ਬਾਲੀ ਮੁੱਖ ਸਲਾਹਕਾਰ ਪੰਜਾਬ ਸਰਕਾਰ, ਕੈਬਨਿਟ ਮੰਤਰੀ ਮਹਿੰਦਰ ਭਗਤ, ਮੈਂਬਰ ਪਾਰਲੀਮੈਂਟ ਡਾ.ਰਾਜ ਕੁਮਾਰ ਚੱਬੇਵਾਲ, ਸੰਤ ਬਲਵੀਰ ਸਿੰਘ ਸੀਚੇਵਾਲ, ਵਿਧਾਇਕ ਬਲਕਾਰ ਸਿੰਘ, ਵਿਧਾਇਕ ਅਜੇਦੱਤ ਦਿੱਲੀ, ਹਲਕਾ ਇੰਚਾਰਜ ਕੈਂਟ ਰਜਿੰਦਰ ਕੌਰ ਬਿਆੜਾ, ਸੇਵਾ ਮੁਕਤ ਐਸਐਸਪੀ ਰਜਿੰਦਰ ਸਿੰਘ, ਜਥੇਦਾਰ ਕੁਲਵੰਤ ਸਿੰਘ ਮੰਨਣ ਸਕੱਤਰ ਐਸਜੀਪੀਸੀ, ਸਾਬਕਾ ਚੇਅਰਮੈਨ ਰਜਿੰਦਰ ਪਾਲ ਸਿੰਘ ਰਾਣਾ ਰੰਧਾਵਾ, ਐਡਵੋਕੇਟ ਭਾਨੂੰ ਪ੍ਰਤਾਪ ਸਿੰਘ ਦਿੱਲੀ, ਜੈ ਪ੍ਰਕਾਸ਼ ਬਸਪਾ ਆਗੂ ਆਦਿ ਵੱਲੋਂ ਸੰਤ ਬਾਬਾ ਪ੍ਰੀਤਮ ਦਾਸ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੰਤ ਸਰਵਣ ਦਾਸ ਬੋਹਣ ਪੱਟੀ ਹੁਸ਼ਿਆਰਪੁਰ, ਸੰਤ ਇੰਦਰ ਦਾਸ ਸੇਖੇ, ਸੰਤ ਪ੍ਰਗਟ ਨਾਥ ਰਹੀਮਪੁਰ, ਸੰਤ ਸਤਵਿੰਦਰ ਹੀਰਾ, ਸੰਤ ਰਮੇਸ਼ ਦਾਸ ਸ਼ੇਰਪੁਰ ਢੱਕੋ, ਸੰਤ ਸਰਵਣ ਦਾਸ ਸਲੇਮ ਟਾਵਰੀ ਲੁਧਿਆਣਾ, ਸੰਤ ਟਹਿਲ ਦਾਸ ਨੰਗਲ ਖੇੜਾ, ਸੰਤ ਮਨਦੀਪ ਦਾਸ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ, ਵਿਨੈ ਮੁਨੀ ਜੰਮੂ, ਸੰਤ ਸੁਖਵੰਤ ਸਿੰਘ ਨਾਹਲਾਂ, ਸਾਂਈ ਮਧੂ ਸੰਤ ਬਲਕਾਰ ਸਿੰਘ ਤੱਗੜ ਬਡਾਲਾ, ਸੰਤ ਰਾਮ ਸਿੰਘ, ਨੰਬਰਦਾਰ ਬੀਰ ਚੰਦ ਸੁਰੀਲਾ, ਗੁਰਦੀਪ ਸਿੰਘ ਬਾਹੀਆ, ਗਾਇਕ ਦਲਵਿੰਦਰ ਦਿਆਲਪੁਰੀ, ਰਵੀ ਦਾਦਰਾ, ਰਾਜ ਕੁਮਾਰ ਡੋਗਰ, ਹਰਪ੍ਰੀਤ ਸਿੰਘ, ਸੇਵਾ ਮੁਕਤ ਮੈਨੇਜਰ ਰਮੇਸ਼ ਸਿੰਘ ਭੱਟੀ, ਸਰਪੰਚ ਵਿਜੇ ਨੰਗਲ,ਅਮਰਜੀਤ ਦੋਲਤਪੁਰ, ਸਾਹਬ ਸਿੰਘ ਕਰਾੜੀ ਆਦਿ ਵਿਸ਼ੇਸ਼ ਤੋਰ ਤੇ ਹਾਜ਼ਰ ਸਨ।



**ਫੋਟੋ ਅਜਮੇਰ ਦੀਵਾਨਾ**

# ਦੁਨੀਆ ਵਿਚ ਆ ਰਹੇ ਸੰਕਟ ਦਾ ਮੁਕਾਬਲਾ ਕਰਨ ਲਈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਹੀ ਪਰਪੱਕ : ਡਾ. ਭੀਮਇੰਦਰ

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਹਰੇਕ ਵਰਗੇ ਲਈਂ ਚਾਨਣ ਮੁਨਾਰਾ : ਡਾ. ਰਾਜਿੰਦਰਪਾਲ ਸਿੰਘ ਬਰਾੜ

**ਹੁਸ਼ਿਆਰਪੁਰ 18 ਮਈ ਮਈ ( ਤਰਸੇਮ ਦੀਵਾਨਾ ) –** ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਥਿਤ ਵਰਲਡ ਪੰਜਾਬੀ ਸੈਂਟਰ ਵਿਚ ਕਟਵਾਇਆ ਗਿਆ ਤੀਜਾ ਸੈਮੀਨਾਰ ਪ੍ਰਭਾਵਸ਼ਾਲੀ ਰਿਹਾ। ਕੌਮਾਂਤਰੀ ਪੱਧਰ ਤੇ ਕਰਵਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਤਹਿਤ ਇਹ ਸੈਮੀਨਾਰ ਵਰਲਡ ਪੰਜਾਬੀ ਸੈਂਟਰ ਦੇ ਸਹਿਯੋਗ ਨਾਲ ਕਰਾਇਆ ਗਿਆ। ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਦੀ ਅਗਵਾਈ ਵਿਚ ਹੋਏ ਸੈਮੀਨਾਰ ਵਿਚ ਬੋਲਦਿਆਂ ਯੂਨੀਵਰਸਿਟੀ ਆਫ਼ ਦਿਲੀ ਦੀ ਵਿਦਵਾਨ ਪ੍ਰੋਫੈਸਰ ਡਾ. ਰੰਜੂ ਵਾਲਾ ਨੇ ਕਿਹਾ ਕਿ ਉਹ ਸਮਾਂ ਬੜਾ ਭਿਆਨਕ ਸੀ ਜਦੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਜਨਮ ਹੋਇਆ, ਇਨਸਾਨ ਵੱਲੋਂ ਕੀਤਾ ਜਾ ਰਿਹਾ ਵਿਤਕਰਾ ਪ੍ਰਚੰਡ ਰੂਪ ਤੇ ਸੀ। ਉਸ ਵੇਲੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਉਠਾਈ ਦੱਬੇ ਕੁਚਲੇ ਲੋਕਾਂ ਦੇ ਪੱਖ ਵਿਚ ਅਵਾਜ਼ ਨੂੰ ਗੁਰੂ ਨਾਨਕ ਦੇਵ ਜੀ ਨੇ ਅੱਗੇ ਤੋਰਿਆ। ਤੇ ਗੁਰੂ ਅਰਜਨ ਦੇਵ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਉਸ ਮਾਨਤਾ ਦਿੱਤੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਲਹਿਰ ਨੂੰ ਸਿਰੇ ਲਾਉਣ ਲਈ ਆਪਣਾ ਪਰਿਵਾਰ ਤੱਕ ਵਾਰ ਦਿੱਤਾ, ਡਾ. ਭੀਮ ਰਾਓ ਅੰਬੇਡਕਰ ਜੀ ਨੇ ਉਸ ਲਹਿਰ ਨੂੰ ਕਾਨੂੰਨੀ ਰੂਪ ਦੇਣ ਲਈ ਸੰਵਿਧਾਨ ਦੀ ਸਿਰ-ਜਣਾ ਕੀਤੀ। ਵਰਲਡ ਪੰਜਾਬੀ ਸੈਂਟਰ ਵੱਲੋਂ ਡਾ. ਭੀਮਇੰਦਰ ਸਿੰਘ ਆਪਣੇ ਸਵਾਗਤੀ ਭਾਸ਼ਣ ਵਿਚ ਕਿਹਾ ਕਿ ਦੁਨੀਆ ਵਿਚ ਆ ਰਹੇ ਸੰਕਟ ਨੂੰ ਦੂਰ ਕਰਨ ਲਈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੇ ਉਨ੍ਹਾਂ ਦੀ ਵਿਚਾਰਧਾਰਾ ਹੀ ਸਾਰਥਕ ਹੈ ਜੋ ਪਰਪੱਕ ਰੂਪ ਨਾਲ ਦੁਨੀਆ ਨੂੰ ਰਾਹ ਦਿਖਾ ਸਕਦੀ ਹੈ। ਇਸ ਵੇਲੇ ਕੁੰਜੀਵਤ ਭਾਸ਼ਣ ਦਿੰਦਿਆਂ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਤੇ ਬਾਣੀ ਅਤੇ ਉਨ੍ਹਾਂ ਦੀਆਂ ਸਾਖੀਆਂ ਸ਼ੋਸ਼ਿਤ ਸਮਾਜ ਲਈ ਚਾਨਣ ਮੁਨਾਰਾ ਹਨ, ਕਈ ਵਾਰੀ ਮਿੱਥਾਂ ਵੀ ਕਈ ਸਹੀ ਸੁਨੇਹੇ ਦਿੰਦੀਆਂ ਹਨ। ਇਸ ਵੇਲੇ ਮੰਚ ਤੇ ਮੁੱਖ ਸਰਪ੍ਰਸਤ ਮਿਲਕਫੈੱਡ ਪੰਜਾਬ ਦੇ ਸਾਬਕਾ ਜੀਐਮ ਬਲਵਿੰਦਰ ਸਿੰਘ ਜਾਤੀਵਾਲ ਨੇ ਪ੍ਰਧਾਨਗੀ ਭਾਸ਼ਣ ਦਿੱਤਾ। ਮੰਚ ਦਾ ਸੰਚਾਲਨ ਕਰਦਿਆਂ ਗੁਰਨਾਮ ਸਿੰਘ ਅਕੀਦਾ ਨੇ ਮੰਚ ਵੱਲੋਂ ਕਰਵਾਏ ਜਾਣ ਵਾਲੇ ਸੈਮੀਨਾਰਾਂ ਬਾਰੇ ਜਾਣਕਾਰੀ ਦਿੱਤੀ। ਇਸ ਸੈਮੀਨਾਰ ਦੇ ਕੋਆਰਡੀਨੇਟਰ ਪਰਮਿੰਦਰ ਸਿੰਘ ਰਾਏਪੁਰ ਨੇ ਧੰਨਵਾਦ ਕੀਤਾ ਤੇ ਡਾ. ਗੁਰਮੀਤ ਕੱਲਰਮਾਜਰੀ ਨੇ ਸਮਾਪਤੀ ਭਾਸ਼ਣ ਦਿੱਤਾ। ਇਸ ਵੇਲੇ ਗੁਰਨਾਮ ਸਿੰਘ ਅਕੀਦਾ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਲਿ ਖਿਆ ਨਾਟਕ 'ਨੀਚਿਹ ਊਚ ਕਰੇ ਮੇਰਾ ਗੋਬਿੰਦ..ਵੀ ਰਿਲੀਜ਼ ਕੀਤਾ ਗਿਆ, ਜਿਸ ਦਾ ਮੰਚਨ ਕਰਨ ਲਈ ਫ਼ਿਲਮੀ ਕਲਾਕਾਰ ਤੇ ਥੀਏਟਰ ਡਾਇਰੈਕਟਰ ਡਾ. ਲੱਖਾ ਲਹਿਰੀ ਨੂੰ ਦੋ ਕਾਪੀਆਂ ਭੇਂਟ ਕੀਤੀਆਂ। ਇਸ ਵੇਲੇ ਚੰਡੀਗੜ੍ਹ ਤੋਂ ਫਤਿਹਜੰਗ ਸਿੰਘ, ਅਮਰ ਸਿੰਘ ਨਾਭਾ, ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ ਵੱਲੋਂ ਅਕਸ਼ੇ ਕੁਮਾਰ ਖਨੌਰੀ, ਮੇਵਾ ਸਿੰਘ ਪੂਰਖਾਲੀ, ਕਹਾਣੀਕਾਰ ਸਰੂਪ ਸਿਆਲਵੀ, ਭਾਸ਼ੋ, ਡਾ. ਸੰਤੋਖ ਸੁੱਖੀ, ਪ੍ਰੀਤ ਕਾਂਸ਼ੀ, ਜਰਨੈਲ ਸਿੰਘ, ਬੰਤ ਸਿੰਘ ਝੰਡੀ ਆਦਿ ਨੇ ਵੀ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਜੂਨ ਵਿਚ ਸੈਮੀਨਾਰ ਮੋਗਾ,ਅਤੇ ਚੰਡੀਗੜ੍ਹ ਵਿਚ ਹੋਣਗੇ।




# 20 ਮਈ ਨੂੰ ਬਲਾਚੌਰ ਖੇਤਰ ਦੇ ਕੈਮਿਸਟਾਂ ਦੀਆਂ ਦੁਕਾਨਾਂ ਆਮ ਵਾਂਗ ਖੁੱਲੀਆਂ ਰਹਿਣਗੀਆਂ :ਪ੍ਰਧਾਨ ਐਸ. ਕੇ. ਪਨੇਸਰ

**ਨਵਾਂਸ਼ਹਿਰ /ਕਾਠਗੜ੍ਹ 18 ਮਈ (ਜਤਿੰਦਰ ਪਾਲ ਸਿੰਘ ਕਲੇਰ )** ਕੈਮਿਸਟ ਐਸੋਸੀਸ਼ੇਏਨ ਹਲਕਾ ਬਲਾਚੌਰ ਦੀ ਇੱਕ ਵਿਸ਼ੇਸ਼ ਮੀਟਿੰਗ ਕੈਮਿਸਟ ਐਸੋ ਦੇ ਪ੍ਰਧਾਨ ਡਾ. ਐਸ. ਕੇ. ਪਨੇਸਰ ਦੀ ਪ੍ਰਧਾਨਗੀ ਹੇਠ ਕਾਠਗੜ੍ਹ ਵਿਖੇ ਹੋਈ। ਜਿਸ ਵਿੱਚ ਇਸ ਖੇਤਰ ਦੇ ਸਮੂਹ ਕੈਮਿਸਟਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਪੰਜਾਬ ਕੈਮਿਸਟ ਅ ੈ ਸ ੋ ਸ ੀ ਸ਼ ੇ ਏ ਨ (ਅਨਰਜਿਸਟਰਡ ) ਦੇ 20 ਮਈ ਨੂੰ ਪੰਜਾਬ ਦੇ ਸਮੂਹ ਕੈਮਿਸਟਾਂ ਦੀਆਂ ਦੁਕਾਨਾਂ ਬੰਦ ਰੱਖਣ ਦੇ ਸੱਦੇ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ।ਜਦੋਂ ਕਿ ਪੰਜਾਬ ਕੈਮਿਸਟ ਐਸੋਸੀਸ਼ੇਏਨ ਰਜਿਸਟਰਡ ਦੇ ਪ੍ਰਧਾਨ ਅਸ਼ੋਕ ਗੋਇਲ ਵੱਲੋਂ 20 ਮਈ ਨੂੰ ਪੰਜਾਬ ਭਰ ਦੇ ਸਮੂਹ ਕੈਮਿਸਟਾਂ ਨੂੰ ਦੁਕਾਨਾਂ ਖੁਲੀਆਂ ਰੱਖਣ ਦਾ ਸੱਦਾ ਦਿੱਤਾ ਗਿਆ ਹੈ। ਮੀਟਿੰਗ ਵਿੱਚ ਖਾਸ਼ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਕੈਮਿਸਟ ਐਸੋਸੀਸ਼ੇਏਨ ਰਜਿਸਟਰਡ ਦੇ ਪ੍ਰਧਾਨ ਅਸ਼ੋਕ ਗੋਇਲ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਤਹਿਸੀਲ ਬਲਾਚੌਰ ਦੇ ਪੈਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਸਮੂਹ ਕੈਮਿਸਟਾਂ ਦੀਆਂ ਦੁਕਾਨਾਂ ਆਮ ਵਾਂਗ ਖੋਲੀਆਂ ਜਾਣਗੀਆਂ। ਇਸ ਮੌਕੇ ਮੀਟਿੰਗ ਵਿੱਚ ਜਗਦੀਸ਼ ਛਾਬੜਾਂ ਜਰਨਲ ਸਕੱਤਰ ਕੈਮਿਸਟ ਐਸੋ ਬਲਾਚੌਰ, ਸ਼ਰਮਾ ਮੈਡੀਕਲ ਸਟੋਰ ਪੋਜੇਵਾਲ, ਪਲਵਿੰਦਰ ਸਿੰਘ ਚਣਕੋਆ, ਕੁਲਵੰਤ ਸਿੰਘ ਧਾਰਨੀ ਰੱਤੇਵਾਲ, ਰਕੇਸ਼ ਕੁਮਾਰ ਕਾਠਗੜ੍ਹ, ਹਰਜਿੰਦਰ ਸਿੰਘ ਵਿੱਕੀ ਚਾਹਲ, ਅਸ਼ੋਕ ਕੁਮਾਰ ਦੁੱਗਲ, ਤਜਿੰਦਰ ਸਿੰਘ, ਮਨਜੀਤ ਸਿੰਘ ਪਨੇਸਰ, ਹਰਦੀਪ ਕੁਮਾਰ, ਅਮਰਜੀਤ ਸਿੰਘ, ਬਲਜੀਤ ਸਿੰਘ ਰੰਧਾਵਾ, ਹਰਦੀਪ ਸਿੰਘ ਰੀਹਲ, ਗੁਰਵੀਰ ਸਿੰਘ ਰਾਉ, ਰਵੀ ਕੁਮਾਰ ਬਣਾਂ, ਘੁੰਮਣ ਮੈਡੀਕਲ ਸਟੋਰ ਰੈਲਮਾਜਰਾ ਸਮੇਤ ਹੋਰ ਵੀ ਕੈਮਿਸਟ ਹਾਜ਼ਰ ਸਨ।



# ਜ਼ਿਲ੍ਹੇ ਅੰਦਰ ਪਾਰਦਰਸ਼ੀ ਢੰਗ ਨਾਲ ਹੋਵੇਗੀ ਸਪੈਸ਼ਲ ਇੰਨਟੈਂਸਿਵ ਰੀਵੀਜ਼ਨ (ਐਸ ਆਈ ਆਰ): ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ

**● ਸਪੈਸ਼ਲ ਇੰਟੈਂਨਸਿਵ ਰੀਵੀਜ਼ਨ ਸਬੰਧੀ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ**

**● ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ (ਐਸ ਆਈ ਆਰ) ਦੇ ਸ਼ਡਿਊਲ ਦੀ ਦਿੱਤੀ ਜਾਣਕਾਰੀ**

**ਨਵਾਂਸ਼ਹਿਰ, 18 ਮਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਪੈਸ਼ਲ ਇੰਟੈਨਸਿਵ ਰੀਵੀਜ਼ਨ (ਐਸ ਆਈ ਆਰ) ਸਬੰਧੀ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਨਸਿਵ ਰੀਵੀਜ਼ਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਵੋਟਰ ਸੂਚੀਆਂ ਨੂੰ ਪੂਰੀ ਤਰ੍ਹਾਂ ਸ਼ੁੱਧ, ਅੱਪਡੇਟ ਅਤੇ ਨੁਕਸ ਰਹਿਤ ਬਣਾਉਣਾ ਹੈ ਤਾਂ ਜੋ ਹਰ ਯੋਗ ਨਾਗਰਿਕ ਨੂੰ ਵੋਟ ਪਾਉਣ ਦਾ ਮੌਕਾ ਮਿਲ ਸਕੇ।

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸ਼੍ਰੀ ਦੇ ਪੂਰੇ ਸ਼ਡਿਊਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਪੈਸ਼ਲ ਇੰਨਟੈਸਿਵ ਰਵੀਜ਼ਨ (ਐਸ ਆਈ ਆਰ ) ਅਧੀਨ ਜ਼ਿਲ੍ਹੇ ਵਿੱਚ 25 ਜੂਨ ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰੋ-ਘਰੀ ਜਾ ਕੇ ਵੋਟਰ ਦੇ ਫਾਰਮ ਭਰਵਾਉਣਗੇ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ 615 ਬੀ.ਐਲ.ਓਜ਼, 62 ਸੁਪਰਵਾਈਜ਼ਰ, 03 ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, 6 ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਸਮੇਤ ਪੂਰਾ ਚੋਣ ਅਮਲਾ ਲਗਾਇਆ ਗਿਆ ਹੈ। ਐਸ ਆਈ ਆਰ ਸਬੰਧੀ ਬੀ.ਐਲ.ਓਜ਼ ਨੂੰ ਟ੍ਰੇਨਿੰਗ ਦੇਣ ਅਤੇ ਹੋਰ ਤਿਆਰੀਆਂ ਸਬੰਧੀ ਕੰਮ 15 ਜੂਨ ਤੋਂ 24 ਜੂਨ 2026 ਤੱਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਸਪੈਸ਼ਲ ਇੰਨਟੈਸਿਵ ਰਵੀਜ਼ਨ ਲਈ ਵੋਟਰ ਸੂਚੀ 2003 ਦਾ ਮੌਜੂਦ ਵੋਟਰ ਸੂਚੀ 2025 ਨਾਮ ਮੈਪਿੰਗ ਕੀਤਾ ਜਾਣਾ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਨੂੰ ਤਰਕ ਸੰਗਤ ਕਰਨ ਦਾ ਕੰਮ 24 ਜੁਲਾਈ 2026 ਤੱਕ ਕੀਤਾ ਜਾਵੇਗਾ। ਵੋਟਰ ਸੂਚੀ ਦਾ ਖਰੜਾ 31 ਜੁਲਾਈ 2026 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ 31 ਜੁਲਾਈ 2026 ਤੋਂ 30 ਅਗਸਤ 2026 ਤੱਕ ਪੇਸ਼ ਕੀਤੇ ਜਾ ਸਕਦੇ ਹਨ। ਦਾਅਵੇ ਅਤੇ ਇਤਰਾਜ ਦਾ ਨਿਪਟਾਰਾ 28 ਸਤੰਬਰ 2026 ਤੱਕ ਕੀਤਾ ਜਾਵੇਗਾ ਅਤੇ ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨਾ 01 ਅਕਤੂਬਰ 2026 ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਸਾਰੇ ਬਲਾਕ ਲੈਵਲ ਅਫਸਰਾਂ ਅਤੇ ਸੁਪਰਵਾਈਜ਼ਰਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਗਰੂਕਤਾ ਕੈਂਪ ਵੀ ਲਗਾਏ ਜਾਣਗੇ ਤਾਂ ਜੋ ਵੱਧ ਤੋਂ ਵੱਧ ਯੋਗ ਨਾਗਰਿਕ ਵੋਟਰ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾ ਸਕਣ। ਮੀਟਿੰਗ ਵਿੱਚ ਆਮ ਆਦਮੀ ਪਾਰਟੀ ਤੋਂ ਸਤਨਾਮ ਜਲਾਲਪੁਰ, ਸਤਨਾਮ ਸਿੰਘ ਜਲਵਾਹ ਅਤੇ ਰੂਬੀ ਕੰਮ, ਸ਼੍ਰੋਮਣੀ ਅਕਾਲੀ ਦਲ ਤੋਂ ਹਰਦੀਪ ਸਿੰਘ, ਸੀ.ਪੀ.ਆਈ(ਐਮ.) ਤੋਂ ਚਰਨਜੀਤ ਸਿੰਘ, ਬਹੁਜਨ ਸਮਾਜ ਪਾਰਟੀ ਤੋਂ ਸਰਬਜੀਤ ਜਾਫਰਪੁਰ, ਭਾਰਤੀ ਜਨਤਾ ਪਾਰਟੀ ਤੋਂ ਮਨੀਸ਼ ਅਗਨੀਹੋਤਰੀ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਅਜੈ ਮੰਗੂਪੁਰ ਅਤੇ ਸੁਭਾਸ਼ ਚੰਦਰ ਅਤੇ ਜ਼ਿਲ੍ਹਾ ਚੋਣ ਦਫ਼ਤਰ ਤੋਂ ਚੋਣ ਕਾਨੂੰਗੋ ਅਮਨਦੀਪ ਸਿੰਘ ਆਦਿ ਹਾਜ਼ਰ ਸਨ।




# ਚੇਅਰਮੈਨ ਨਾਨਕ ਸਿੰਘ ਐਡਵੋਕੇਟ ਜੰਡੀ ਨੇ ਅਹੁਦਾ ਸੰਭਾਲਿਆ

**● ਮੌਕੇ ਹਾਜ਼ਰ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਕਰਵਾਈ ਤਾਜਪੋਸ਼ੀ ● ਮੈਂ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਕਮੀ ਨਹੀਂ ਆਉਣ ਦੇਵਾਂਗਾ : ਨਾਨਕ ਸਿੰਘ ਜੰਡੀ**

**ਨਵਾਂਸ਼ਹਿਰ /ਬਲਾਚੌਰ, 18 ਮਈ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਪਾਰਟੀ ਵਲੋਂ ਜ਼ੋਨ ਸੁੱਧਾਮਾਜਰਾ ਤੋਂ ਸ਼ਾਨਦਾਰ ਜਿੱਤ ਦਰਜ ਕਰਨ ਵਾਲੇ ਨੋਜਵਾਨ ਉਮੀਦਵਾਰ ਨਾਨਕ ਸਿੰਘ ਜੰਡੀ ਐਡਵੋਕੇਟ (ਨਾਨਕ ਸਿੰਘ ਬਾਂਠ) ਦੀ ਬਤੌਰ ਚੇਅਰਮੈਨ ਤਾਜਪੋਸ਼ੀ ਅੱਜ ਬੀ.ਡੀ.ਪੀ.ਓ. ਦਫ਼ਤਰ ਬਲਾਚੌਰ ਵਿਖੇ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਕੀਤੀ ਗਈ। ਇਸ ਮੌਕੇ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਉਨ੍ਹਾਂ ਨੇ ਚੇਅਰਮੈਨ ਦੇ ਅਹੁਦੇ ਦੀ ਸਹੁੰ ਚੁੱਕੀ ਅਤੇ ਰਸਮੀ ਤੌਰ 'ਤੇ ਕੰਮਕਾਜ ਸੰਭਾਲ ਲਿਆ ਹੈ।ਇਸ ਤਾਜਪੋਸ਼ੀ ਸਮਾਗਮ ਵਿੱਚ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਨਾਨਕ ਸਿੰਘ ਜੰਡੀ ਐਡਵੋਕੇਟ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮੋਹਣ ਲਾਲ ਸੰਧੂ ਬਲਾਕ ਕਾਂਗਰਸ ਪ੍ਰਧਾਨ, ਰਜਿੰਦਰ ਸਿੰਘ ਸ਼ਿੰਦੀ ਤਹਿਸੀਲ ਪ੍ਰਧਾਨ ਬਲਾਚੌਰ, ਬਲਾਚੌਰ ਹਰਜੀਤ ਸਿੰਘ ਜਾਡਲੀ, ਕੇਵਲ ਰਾਮ ਬਲਾਕ ਸੰਮਤੀ ਮੈਂਬਰ ਪਿੰਡ ਬਣੇ ਤੋਂ,ਬਲਜਿੰਦਰ ਸਿੰਘ ਸਰਪੰਚ ਮਾਣੇਵਾਲ, ਹੇਮਰਾਜ ਮੰਗੂਪੁਰ (ਕਾਕੂ ), ਜਿੰਦਰ ਧੌਲ ਚੇਅਰਮੈਨ ਐਸ. ਸੀ ਸੈੱਲ ,ਤਿਲਕ ਰਾਜ ਸੂਦ ਬਲਾਕ ਪ੍ਰਧਾਨ, ਹਰਮੇਸ਼ ਲਾਲ ਸਰਪੰਚ ਉਧਨੋਵਾਲ , ਵਿਜੇ ਰਾਣਾ ਸਾਬਕਾ ਸਰਪੰਚ ਨਨੋਵਾਲ, ਤਰਸੇਮ ਲਾਲ ਚੰਦਿਆਣੀ , ਜੀਤ ਸਰਪੰਚ, ਕਾਂਗਰਸ ਸੜੋਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਪੀੜ੍ਹੀ-ਦਰ-ਪੀੜ੍ਹੀ ਕਾਂਗਰਸ ਅਤੇ ਲੋਕ ਸੇਵਾ ਨੂੰ ਸਮਰਪਿਤ ਹੈ ਪਰਿਵਾਰ

ਆਪਣੀ ਇਸ ਸ਼ਾਨਦਾਰ ਜਿੱਤ ਦੀ ਖੁਸ਼ੀ ਸਾਂਝੀ ਕਰਦਿਆਂ ਨਾਨਕ ਸਿੰਘ ਬਾਂਠ ਨੇ ਇਸ ਦਾ ਸਿਹਰਾ ਆਪਣੇ ਬਜ਼ੁਰਗਾਂ ਅਤੇ ਜ਼ੋਨ ਸੁੱਧਾਮਾਜਰਾ ਦੇ ਸੂਝਵਾਨ ਵੋਟਰਾਂ ਸਿਰ ਬੰਨ੍ਹਿਆ। ਆਪਣੇ ਪਰਿਵਾਰਕ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਭਾਵੁਕ ਹੋ ਕੇ ਕਿਹਾ, "ਮੇਰੇ ਦਾਦਾ ਸਵ. ਚੌਧਰੀ ਕਿਸ਼ਨ ਚੰਦ ਬਾਂਠ ਨੇ ਪਿੰਡ ਜੰਡੀ ਟੰਡੋਹ ਦੀ ਸਾਂਝੀ ਪੰਚਾਇਤ ਸਮੇਂ ਲਗਾਤਾਰ 5 ਵਾਰ ਰਿਕਾਰਡ ਤੋੜ ਸਰਪੰਚ ਰਹਿ ਕੇ ਇਲਾਕੇ ਦੀ ਸੇਵਾ ਕੀਤੀ ਸੀ। ਇਸੇ ਤਰ੍ਹਾਂ ਮੇਰੇ ਤਾਇਆ ਜੀ ਸਵ. ਚੌਧਰੀ ਓਮ ਪ੍ਰਕਾਸ਼ ਬਾਂਠ, ਮੇਰੇ ਤਾਈ ਜੀ ਅਤੇ ਪਿਤਾ ਸਵ. ਰਾਮ ਪਾਲ ਬਾਂਠ ਉੱਘੇ ਸਮਾਜ ਸੇਵੀ ਅਤੇ ਠੇਕੇਦਾਰ ਨੇ ਹਮੇਸ਼ਾ ਇਲਾਕੇ ਦੀ ਨਿਰਸਵਾਰਥ ਸੇਵਾ ਕੀਤੀ ਹੈ।" ਉਨ੍ਹਾਂ ਕਿਹਾ ਕਿ ਇਹ ਜਿੱਤ ਲੋਕਾਂ ਦੇ ਉਨ੍ਹਾਂ ਦੇ ਪਰਿਵਾਰ ਪ੍ਰਤੀ ਅਟੁੱਟ ਵਿਸ਼ਵਾਸ ਦਾ ਹੀ ਨਤੀਜਾ ਹੈ।ਦੱਸਣਯੋਗ ਹੈ ਕਿ ਨਾਨਕ ਸਿੰਘ ਜੰਡੀ ਸਿਆਸੀ ਤੌਰ 'ਤੇ ਪ੍ਰਪੱਕ ਹੋਣ ਦੇ ਨਾਲ-ਨਾਲ ਉੱਚ ਵਿੱਦਿਆ ਪ੍ਰਾਪਤ ਨੌਜਵਾਨ ਆਗੂ ਹਨ, ਜਿਨ੍ਹਾਂ ਨੇ ਬੀ.ਟੈਕ ਅਤੇ ਐਲ.ਐਲ.ਬੀ. ਦੀਆਂ ਡਿਗਰੀਆਂ ਹਾਸਲ ਕੀਤੀਆਂ ਹੋਈਆਂ ਹਨ। ਐਡਵੋਕੇਟ ਜੰਡੀ ਦੀ ਇਸ ਉੱਚ ਯੋਗਤਾ ਕਾਰਨ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਤੋਂ ਇਲਾਕੇ ਦੇ ਯੋਜਨਾਬੱਧ ਵਿਕਾਸ ਅਤੇ ਕਾਨੂੰਨੀ ਪੱਖੋਂ ਬਹੁਤ ਵੱਡੀਆਂ ਉਮੀਦਾਂ ਹਨ।ਸਮਾਗਮ ਦੇ ਅਖੀਰ ਵਿੱਚ ਚੇਅਰਮੈਨ ਨਾਨਕ ਸਿੰਘ ਜੰਡੀ ਨੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਪੰਚਾਂ-ਸਰਪੰਚਾਂ ਅਤੇ ਇਲਾਕਾ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ ਅਤੇ ਹਲਕੇ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਦੇਣਗੇ।



# ਬੰਦਿਆ ਖ਼ੁਦ ਨਾ.ਲ ਵੈਰ ਕਮਾਵੇਂ

ਖੰਭਿਆਂ 'ਤੇ ਲੱਕੜ ਦੇ ਆਲ੍ਹਣੇ ,
ਟੰਗ ਕੇ ਨਈਂ ਸਰਨਾ ।
ਵੱਧ ਤੋਂ ਵੱਧ ਦਰਖ਼ਤ ਲਗਾਉਂਣ ਦਾ,
ਸਾਮਾਂ ਪਊ ਕਰਨਾ ।
ਕਈ ਪ੍ਰਜਾਤੀਆਂ ਖ਼ਤਮ ਕਰ 'ਤੀਆਂ,
ਤੇਰੇ ਲਾਲਚਾਂ ਨੇ ;
ਮੌਕਾ ਮਿ.ਲਣਾ ਨਈਂ ਪਛਤਾਉਂਣ ਦਾ,
ਖ਼ੁਦ ਵੀ ਪਊ ਮਰਨਾ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

# ਸੋਸ਼ਲ ਮੀਡੀਆ ਦਾ ਸੱਚ

ਖਬਰਾਂ ਦੇ ਜ਼ਮਾਨੇ 'ਚ ਯਾਰੋ,
ਅਫਵਾਹਾਂ ਦਾ ਬਾਜ਼ਾਰ ਗਰਮ ਆ।

ਫੋਟੋ ਲਾ ਕੇ ਜੋ ਮਰਜ਼ੀ ਲਿਖ 'ਦੋ,
ਸੱਚ-ਝੂਠ ਦਾ ਨਾਂ ਕੋਈ ਧਰਮ ਆ।

ਅੱਖਾਂ ਦੇਖੀ 'ਤੇ ਯਕੀਨ ਕਰੋ,
ਨਾ ਕਿ ਵਟਸਐਪ ਦੇ ਫੇਰ ਆ।

ਉਂਗਲਾਂ ਨਾਲ ਨਾ ਇਨਸਾਫ਼ ਕਰੋ,
ਕੀ-ਬੋਰਡ ਦਾ ਨਾ ਬਣੋ ਹਾਕਮ ਆ।

ਇੱਕ ਕਲਿੱਕ ਨਾਲ ਇੱਜ਼ਤਾਂ ਰੁਲਦੀਆਂ,
ਫਾਰਵਰਡ ਤੋਂ ਪਹਿਲਾਂ ਸੋਚੋ ਸ਼ਰਮ ਆ।

ਸਿਆਣੇ ਬਣੋ, ਨਾ ਭੇਡਾਂ ਵਾਂਗ ਤੁਰੋ,
ਗੁਰਮੀਤ ਕਹੇ, ਮੈਸੇਜ ਪਿੱਛੇ ਲੁਕਿਆ ਭਰਮ ਆ।



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ, ਜਲੰਧਰ**

# .ਗਜ਼ਲ

ਦੇਵੀਂ ਵਹਾ ਨਾ ਪੀੜ ਨੂੰ ਹੰਝੂ ਬਣਾ ਕੇ ਦੋਸਤਾ।
ਜੇਤੂ ਬਣੇਂਗਾ ਹਾਰ ਨੂੰ ਸੀਨੇ ਸਮਾ ਕੇ ਦੋਸਤਾ।

ਤਕ ਜ਼ੁਲਮ ਅੱਖਾਂ ਮੀਟ ਲੈਣਾ ਬੁਝਦਿਲਾਂ ਦਾ ਕੰਮ ਹੈ,
ਜੀਣਾ ਗੁਨਾਹ ਹੈ ਆਦਮੀ ਨੂੰ ਸਿਰ ਨਿਵਾ ਕੇ ਦੋਸਤਾ।

ਤੂੰ ਪੁੱਛਦੈਂ ਕਿਉਂ ਮਿਲ ਰਹੀ ਹੈ ਨਿੱਤ ਸਜ਼ਾ ਬੇਦੋਸ਼ ਨੂੰ,
ਅੱਜ ਹੈ ਸ਼ਰਾਫ਼ਤ ਦੋਸ਼ ਰੱਖ ਖੁਦ ਨੂੰ ਬਚਾ ਕੇ ਦੋਸਤਾ।

ਕੱਟੇ ਪਤੰਗਾਂ ਦੇ ਨਸੀਬੀਂ ਲੁੱਟ ਫਟ ਜਾਣੈ ਸਦਾ,
ਪਰ ਡੋਰ ਕੱਟੀਂ ਦੇ ਨਹੀਂ ਹੱਥੀਂ ਚੜਾ ਕੇ ਦੋਸਤਾ।

ਅੱਜ ਪੁੰਨਿਆਂ ਦੀ ਰਾਤ ਆਈ ਸੀ ਚਕੋਰਾਂ ਨੂੰ ਮਸਾਂ,
ਜ਼ਾਲਮ ਘਟਾ ਤਾਂ ਬਹਿ ਗਈ ਮੱਸਿਆ ਬਣਾ ਕੇ ਦੋਸਤਾ।

ਕਰ ਦਿਲ ਹਵਾਲੇ ਯਾਰ ਦੇ ਤੇ ਜ਼ਿੰਦ ਵੀ ਦੇ ਯਾਰ ਨੂੰ,
ਬਣ ਰੂਪ ਸੋਹਣੇ ਯਾਰ ਦਾ ਆਪਾ ਗੁਆ ਕੇ ਦੋਸਤਾ।

ਨੇੜ੍ਹੇ 'ਚ ਖੜ੍ਹ ਉਸ ਤੀਰ ਮੇਰੇ ਮਾਰਿਆ ਪਹਿਚਾਣ ਕੇ,
ਰੱਖੇ ਸੀ ਜਿਸਦੇ ਰਾਹ 'ਚ ਮੈਂ ਦੀਵੇ ਜਗਾ ਕੇ ਦੋਸਤਾ।

ਮੈਹਣੇ ਬਦਲ ਗਏ ‘ਜੀਤ’ ਅੱਜ ਕੱਲ ਪਿਆਰ ਦੇ ਇਜ਼ਹਾਰ ਦੇ,
ਮੈਂ ਲੋਕ ਦੇਖੇ ਸੁੰਘਦੇ ਹੁਣ ਗੱਲ ਲਗਾ ਕੇ ਦੋਸਤਾ।



**ਅਮਰਜੀਤ ਸਿੰਘ ਜੀਤ .ਗਜ਼ਲਗੋ**

# ਨਹਾਉਣ ਜਾਂ ਇਸ਼ਨਾਨ

ਜੰਮਿਆ ਤਾਂ ਦਾਈ ਨਹਾਉਣ।
ਗੋਦ ਪਿਆ ਮਾਈ ਨਹਾਉਣ।
ਵਿਆਹ ਨੂੰ ਭਰਜਾਈ ਨਹਾਉਣ,
ਮੌਤ ਵੇ.ਲੇ ਭਾਈ ਨਹਾਉਣ।

ਚਹੁੰਆਂ ਵਿੱਚੋਂ ਇੱਕ ਵੀ ਜੇ,
ਕਿਸੇ ਹਿੱਸੇ ਆਵੇ ਨਾ।
ਸਫਰ, ਇਹ ਜਹਾਨ ਦਾ ਜੀ,
ਸਫ਼ਲ ਕੁਹਾਵੇ ਨਾ

ਕਿਉਂਕਿ 'ਕੱਲੇ ਪਾਣੀ ਵਾਲੇ,
ਹੁੰਦੇ ਨਾ ਇਹ ਨਹਾਉਣ ਜੀ।
ਵਿੱਚ ਮੋਹ, ਮਮਤਾ, ਵੈਰਾਗ,
ਵੀ ਤਾਂ ਹੋਣ ਜੀ।

ਰੋਮੀਆਂ ਤੂੰ ਤਿੰਨ ਖੱਟੇ
ਦਾਈ, ਮਾਈ, ਭਰਜਾਈ ਦੇ।
ਘੜਾਮੇਂ ਬੰਦਾ ਬਣ,
ਅੰਤ ਭਾਈ ਵੀ ਜੇ ਚਾਹੀਦੇ।

ਘੜਾਮੇਂ ਬੰਦਾ ਬਣ,
ਅੰਤ ਭਾਈ ਵੀ ਜੇ ਚਾਹੀਦੇ।



**ਰੋਮੀ ਘੜਾਮਾਂ**
**7717380107**



# ਸ਼ਹੀਦ ਭਗਤ ਸਿੰਘ ਨਗਰ ’ਚ ਪ੍ਰੀ ਐਸ.ਆਈ.ਆਰ.ਗਤੀਵਿਧੀ ਤਹਿਤ 88 ਫੀਸਦ ਵੋਟਰਾਂ ਦੀ ਹੋਈ ਵੈਰੀਫਿਕੇਸ਼ਨ – ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ

### ਡਿਪਟੀ ਕਮਿਸ਼ਨਰ ਵਲੋਂ ਜ਼ਿਲ੍ਹਾ ਵਾਸੀਆਂ ਨੂੰ ਸਮੁੱਚੀ ਐਸ.ਆਈ.ਆਰ.ਪ੍ਰਕਿਰਿਆ ਤਹਿਤ ਸਹਿਯੋਗ ਦੀ ਅਪੀਲ

### ਜ਼ਿਲ੍ਹੇ ’ਚ 615 ਬੀ.ਐਲ.ਓਜ਼, 62 ਸੁਪਰਵਾਈਜ਼ਰ, 3 ਚੋਣਕਾਰ ਤੇ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਤਾਇਨਾਤ

**ਸ਼ਹੀਦ ਭਗਤ ਸਿੰਘ ਨਗਰ ,18 ਮਈ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਨੇ ਪੰਜਾਬ ਵਿੱਚ ਪ੍ਰੀ-ਐਸ.ਆਈ.ਆਰ.ਗਤੀਵਿਧੀਆਂ ਤਹਿਤ ਵੋਟਰਾਂ ਦੀ 88 ਫੀਸਦ ਸ਼ਨਾਖਤ ਕਰਕੇ 7ਵਾਂ ਰੈਂਕ ਹਾਸਿਲ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਹੁਣ ਵੋਟਰ ਵੈਰੀਫਿਕੇਸ਼ਨ ਦਾ 12 ਫੀਸਦੀ ਕੰਮ ਹੀ ਬਕਾਇਆ ਰਹਿ ਗਿਆ ਹੈ। ਨਿਰਵਿਘਨ ਤੇ ਪਾਰਦਰਸ਼ੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ 615 ਬੀ.ਐਲ.ਓਜ਼, 62 ਸੁਪਰਵਾਈਜ਼ਰ ਅਤੇ 3-3 ਚੋਣਕਾਰ ਤੇ ਸਹਾਇਕ ਚੋਣਕਾਰ ਅਫ਼ਸਰਾਂ ਵਲੋਂ ਕੰਮ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀ.ਐਲ.ਓਜ਼ ਵਲੋਂ ਘਰ-ਘਰ ਜਾ ਕੇ ਵੋਟਰ ਵੈਰੀਫਿਕੇਸ਼ਨ, ਦਰੁਸਤੀ ਅਤੇ ਕਮੀਆਂ ਨੂੰ ਦੂਰ ਕਰਨ ਸਬੰਧੀ ਫਾਰਮ ਵੰਡੇ ਜਾਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ



ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮੋਹਰੇ ਹੋ ਕੇ ਸਾਰੀ ਪ੍ਰਕਿਰਿਆ ਦੀ ਅਗਵਾਈ ਕੀਤੀ ਜਾ ਰਹੀ ਹੈ । ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪਲ ਕੀਤੀ ਕਿ ਵੋਟਰ ਸੂਚੀਆਂ ਨੂੰ ਅੰਤਿਮ ਰੂਪ ਦੇਣ ਲਈ ਆਪਣੇ-ਆਪਣੇ ਨੁਮਾਇੰਦੇ ਤਾਇਨਾਤ ਕੀਤੇ ਜਾਣ। ਦਸਤਾਵੇਜ਼ਾਂ ਸਬੰਧੀ ਸ਼ੰਕਿਆਂ ਨੂੰ ਦੂਰ ਕਰਦਿਆਂ ਡਿਪਟੀ ਕਮਿਸ਼ਨਰ ਨੇ ਸਪਸ਼ਟ ਕੀਤਾ ਕਿ 2003 ਦੀਆਂ ਵੋਟਰ ਸੂਚੀਆਂ ਮਾਰਗ ਦਰਸ਼ਕ ਵਜੋਂ ਕੰਮ ਕਰ ਰਹੀਆਂ ਹਨ ਅਤੇ ਕੋਈ ਵੀ ਨਾਗਰਿਕ ਆਪਣੀ ਰਿਹਾਇਸ਼ ਦੇ ਸਬੂਤ ਵਜੋਂ ਮਾਪਿਆਂ ਅਤੇ ਦਾਦੀ-ਦਾਦੇ ਨਾਲ ਸਬੰਧਿਤ ਕੋਈ ਵੀ ਦਸਤਾਵੇਜ਼ ਸਬੂਤ ਵਜੋਂ ਪੇਸ਼ ਕਰ ਸਕਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਲਦ ਤੋਂ ਜਲਦ ਫਾਰਮ ਭਰਕੇ ਦੇਣ। ਉਨ੍ਹਾਂ ਕਿਹਾ ਕਿ ਦਾਅਵੇ ਅਤੇ ਇਤਰਾਜ਼ਾਂ ਨੂੰ ਦੂਰ ਕਰਨ ਲਈ ਨਿਰਧਾਰਿਤ ਸਮੇਂ ਤੋਂ ਵੋਟਰ 01 ਅਕਤੂਬਰ 2026 ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

# ਪੰਜਾਬ ਸੰਭਾਲੋ ਮੁਹਿੰਮ ਤਹਿਤ ਜੁੜਕੇ ਬਸਪਾ ਨੂੰ ਮਜ਼ਬੂਤ ਬਣਾਓ: ਚੌਧਰੀ ਗੁਰਨਾਮ ਸਿੰਘ





**ਚੱਬੇਵਾਲ 18 ਮਈ (ਚਰਨਜੀਤ ਸੱਲ੍ਹਾ )** ਹਲਕਾ ਚੱਬੇਵਾਲ ਦੇ ਪਿੰਡ ਨਡਾਲੋਂ ਚ ਬਾਬਾ ਸਾਹਿਬ ਅੰਬੇਡਕਰ ਜੀ 135ਵਾਂ ਜਨਮਦਿਨ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿੱਚ ਚੌਧਰੀ ਗੁਰਨਾਮ ਸਿੰਘ ਕੋਟ ਫਤੂਹੀ ਜੀ ਮੁੱਖ ਇੰਚਾਰਜ ਚੱਬੇਵਾਲ ਅਤੇ ਸ੍ਰੀ ਯਸ਼ ਭੱਟੀ ਜੀ ਪ੍ਰਧਾਨ ਹਲਕਾ ਚੱਬੇਵਾਲ ਮੁੱਖ ਮਹਿਮਾਨ ਵਜੋਂ ਪਹੁੰਚੇ ਨਾਲ ਟੀਮ ਚ ਸਤਪਾਲ ਸਿੰਘ ਵਾਇਸ ਪ੍ਰਧਾਨ, ਦਵਿੰਦਰ ਲੱਕੀ ਯੂਥ ਆਗੂ, ਸਰਬਜੀਤ ਮਾਹਲਾਂ ਨੇ ਹਾਜ਼ਰੀ ਲਗਾਈ। ਬਾਬਾ ਸਤਨਾਮ ਸਿੰਘ ਜੀ ਮਾਹਿਲਪੁਰ ਵਾਲੇ ਨੇ ਸੰਗਤ ਨੂੰ ਦਰਸ਼ਨ ਦਿਤੇ ਅਤੇ ਵਿਚਾਰਧਾਰਾ ਨਾਲ ਜੋੜਿਆ। ਚੌਧਰੀ ਗੁਰਨਾਮ ਸਿੰਘ ਜੀ ਜਿਥੇ ਬਾਬਾ ਸਾਹਿਬ ਜੀ ਨੂੰ ਯਾਦ ਕੀਤਾ ਉਥੇ ਸੰਗਤਾਂ ਨੂੰ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜਨ ਲਈ ਕਿਹਾ। ਯਸ਼ ਭੱਟੀ ਜੀ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮਦਿਨ ਦੀ ਵਧਾਈ ਦਿਤੀ ਅਤੇ ਬਾਬਾ ਸਾਹਿਬ ਜੀ ਜੀਵਨ ਅਤੇ ਮਿਸ਼ਨ ਬਾਰੇ ਚਾਨਣਾ ਪਾਇਆ ਅਤੇ ਨੌਜਵਾਨਾਂ ਨੂੰ ਬਸਪਾ ਨਾਲ ਜੁੜ ਕੇ ਸਾਹਿਬ ਕਾਂਸ਼ੀ ਰਾਮ ਜੀ ਸੁਪਨੇ ਨੂੰ ਪੰਜਾਬ ਚ ਸਰਕਾਰ ਬਣਾਉਣ ਲਈ ਪ੍ਰੇਰਿਤ ਕੀਤਾ। ਬਹੁਤ ਧੰਨਵਾਦ ਪ੍ਰਬੰਧਕੀ ਟੀਮ ਦਾ ਦਲਜਿੰਦਰ ਦੀਪਾ ਜੀ, ਕੁਲਵਿੰਦਰ ਜੀ, ਸਤਨਾਮ ਜੀ ਦਾ॥

# ਓਲੰਪੀਅਨ ਜਰਨੈਲ ਸਿੰਘ ਦੇ ਦਾਮਾਦ ਬਲਰਾਜ ਸਿੰਘ ਤੂਰ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ





**ਬੰਗਾ( ਚਰਨਜੀਤ ਸੱਲ੍ਹਾ )**ਓਲੰਪੀਅਨ ਜਰਨੈਲ ਸਿੰਘ ਅਰਜੁਨ ਐਵਾਰਡੀ ਦੇ ਦਾਮਾਦ ਬਲਰਾਜ ਸਿੰਘ ਤੂਰ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਉਪਰੰਤ ਉਨ੍ਹਾਂ ਦੇ ਜੱਦੀ ਪਿੰਡ ਵੈਰਸੀਆਂ ਦੇ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਗਏ। ਇਸ ਮੌਕੇ ਉਨ੍ਹਾਂ ਦੇ ਸਕੇ ਸਬੰਧੀ, ਖੇਡ ਪ੍ਰਸ਼ੰਸਕ ਤੇ ਪੰਜਾਬ ਦੇ ਵੱਖ ਵੱਖ ਖੇਤਰਾਂ ਦੇ ਨਾਮਵਰ ਵਿਅਕਤੀ ਪਹੁੰਚੇ। ਪ੍ਰਿੰ ਹਰਭਜਨ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਮਾਹਿਲਪੁਰ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਯੂ ਕੇ, ਗੁਰਦੇਵ ਸਿੰਘ ਗਿੱਲ ਰਿਟਾ ਐੱਸ ਐੱਸ ਪੀ, ਹਰਸ਼ਮੋਹਨ ਸਿੰਘ ਕਨੈਡਾ,ਰਿਟਾਇਰਡ ਪ੍ਰਿੰ ਜਸਪਾਲ ਸਿੰਘ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਯੂ ਐਸ ਏ ਤੇ ਪ੍ਰਿੰ ਡਾ ਪਰਵਿੰਦਰ ਸਿੰਘ ਖਾਲਸਾ ਕਾਲਜ ਮਾਹਿਲਪੁਰ ਨੇ ਫੋਨ ਕਰਕੇ ਅਫਸੋਸ ਕੀਤਾ। ਓਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੇ ਕਾਰਜਕਾਰੀ ਪ੍ਰਧਾਨ ਡਾ ਐਚ ਐਸ ਬਾਠ ਨੇ ਕਿਹਾ ਕਿ ਬਲਰਾਜ ਸਿੰਘ ਤੂਰ ਬਹੁਤ ਹੀ ਨਰਮ ਸੁਭਾਅ ਦੇ ਮਾਲਕ ਸਨ ਜੋ ਹਮੇਸ਼ਾ ਹੀ ਲੋਕ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਕਰਦੇ ਸਨ। ਉਹ ਸਾਡੀ ਕਮੇਟੀ ਦੇ ਸੀਨੀਅਰ ਆਗੂ ਦੀ ਭੂਮਿਕਾ ਨਿਭਾਉਣ ਲਈ ਹਮੇਸ਼ਾ ਹੀ ਸਾਡੀ ਅਗਵਾਈ ਕਰਦੇ ਸਨ। ਸ਼ਰਧਾਂਜਲੀ ਸਮਾਗਮ ਵਿੱਚ ਪ੍ਰਿੰ ਡਾ ਅਮਨਦੀਪ ਸਿੰਘ ਹੀਰਾ ਬੱਬਰ ਖਾਲਸਾ ਕਾਲਜ ਗੜ੍ਹਸ਼ੰਕਰ, ਰਿਟਾਇਰਡ ਐਨ ਆਰ ਆਈਜ ਕਮਿਸ਼ਨ ਮੈਂਬਰ ਪੰਜਾਬ ਗੌਰਮਿੰਟ ਤੇ ਚੇਅਰਮੈਨ ਯੂਰਪ ਕਾਂਗਰਸ ਯੂ.ਕੇ ਦਿਲਜੀਤ ਸਿੰਘ ਸਹੋਤਾ, ਰਿਟਾਇਰਡ ਐੱਸ ਪੀ ਸ਼ਵਿੰਦਰਜੀਤ ਸਿੰਘ ਬੈਂਸ, ਰੋਸ਼ਨਜੀਤ ਸਿੰਘ ਪਨਾਮ ਸਟੇਜ ਸੰਚਾਲਕ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਗੜ੍ਹਸ਼ੰਕਰ, ਡਾ ਜਸਵਿੰਦਰ ਸਿੰਘ ਰਾਜਾ ਹੌਸਪੀਟਲ ਨਵਾਂਸ਼ਹਿਰ, ਐਡਵੋਕੇਟ ਸੁਖਬੀਰ ਸਿੰਘ ਬਟਾਲਾ ਵੱਡਾ ਦਾਮਾਦ ਅਤੇ ਕੁਲਵਿੰਦਰ ਕੌਰ ਵੱਡੀ ਬੇਟੀ ਜਰਨੈਲ ਸਿੰਘ, ਡਾ ਐਲ ਆਰ ਬੱਧਨ ਨਵਾਂਸ਼ਹਿਰ, ਰਿਟਾਇਰਡ ਐੱਸ ਐਮ ਓ ਡਾ ਪੁਰੇਵਾਲ, ਗੁਰਪ੍ਰੀਤ ਸਿੰਘ ਵੈਰਸੀਆਂ ਉਰਫ ਚਾਚਾ, ਰਾਣਾ ਸੁਰਿੰਦਰ ਸਿੰਘ ਡੀ ਪੀ ਈ ਗੜ੍ਹਸ਼ੰਕਰ, ਸ਼ਿਵਰਾਜ ਸਿੰਘ ਅੰਤਰ ਰਾਸ਼ਟਰੀ ਫੁੱਟਬਾਲ ਪਲੇਅਰ ਅਤੇ ਸਰਬਜੀਤ ਮੰਗੂਵਾਲ ਸਮੇਤ ਹੋਰ ਇਲਾਕੇ ਵਿਚੋਂ ਭਾਰੀ ਗਿਣਤੀ ਵਿੱਚ ਸੰਗਤਾਂ ਬਲਰਾਜ ਸਿੰਘ ਤੂਰ ਦੇ ਛੋਟੇ ਬੇਟੇ ਸਰਵਦੀਪ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੀਆਂ।

# ਰਿਜਨਲ ਟਰਾਂਸਪੋਰਟ ਅਫ਼ਸਰ ਨੇ ਜ਼ਿਲ੍ਹੇ ਦੇ ਆਟੋ ਰਿਕਸ਼ਾ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣ ਕਰਨ ਦੀ ਕੀਤੀ ਅਪੀਲ



**ਨਵਾਂਸ਼ਹਿਰ, 18 ਮਈ (ਜਤਿੰਦਰ ਪਾਲ ਸਿੰਘ ਕਲੇਰ )** ਰਿਜਨਲ ਟਰਾਂਸਪੋਰਟ ਅਫ਼ਸਰ ਕਮ ਮੈਂਬਰ ਸਕੱਤਰ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਇੰਦਰਪਾਲ ਨੇ ਸਮੂਹ ਆਟੋ ਰਿਕਸ਼ਾ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਟੋ-ਰਿਕਸ਼ਾ ਨੂੰ ਟ੍ਰੈਫਿਕ ਨਿਯਮਾਂ, ਪਰਮਿਟ ਦੀਆਂ ਸ਼ਰਤਾਂ ਅਤੇ ਮਰਿਆਦਾਵਾਂ ਅਨੁਸਾਰ ਹੀ ਚਲਾਉਣ। ਯਾਤਰੀਆਂ ਦੀ ਸੁਰੱਖਿਆ, ਟ੍ਰੈਫਿਕ ਨਿਯਮਾਂ ਦੀ ਪਾਲਣਾ ਅਤੇ ਕਾਨੂੰਨੀ ਪ੍ਰਬੰਧ ਬਣਾਏ ਰੱਖਣ ਲਈ ਨਿਰਧਾਰਿਤ ਰੂਟ ਅਤੇ ਹੋਰ ਨਿਯਮਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਜਾਵੇ। ਸੜਕ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਬਿਨ੍ਹਾਂ ਦਸਤਾਵੇਜ਼ ਦੇ ਵਾਹਨ ਚਲਾਉਣ ਤੋਂ ਪਰਹੇਜ ਕੀਤਾ ਜਾਵੇ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਮੋਟਰ ਵਹੀਕਲ ਐਕਟ 1988 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਆਟੋ ਰਿਕਸ਼ਾ ਚਾਲਕ ਸਹਿਯੋਗ ਦੇਣ ਅਤੇ ਜਿੰਮੇਵਾਰ ਨਾਗਰਿਕ ਹੋਣ ਫਰਜ਼ ਨਿਭਾਉਣ।

# ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਮੇਰੀ ਪਾਰਟੀ ਦੇ ਉਮੀਦਵਾਰਾਂ ਨੂੰ ਇੱਕ ਨੋਟ ਅਤੇ ਇੱਕ ਵੋਟ ਜ਼ਰੂਰ ਦਿਓ : ਕੁਲਦੀਪ ਸਿੰਘ

**ਸਰਦੂਲਗੜ੍ਹ ਬੁਢਲਾਡਾ( ਚਰਨਜੀਤ ਸੱਗ੍ਹਾ )** ਵਿਧਾਨ ਸਭਾ ਬੁਢਲਾਡਾ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਵਾਰਡ ਨੰਬਰ 6 ਤੋ ਜੱਗਾ ਸਿੰਘ ਵਾਰਡ ਨੰਬਰ 9 ਤੋ ਸੰਦੀਪ ਕੌਰ ਦੇ ਹੱਕ ਵਿੱਚ ਵੋਟਰਾਂ ਨੂੰ ਅਪੀਲ ਕਰਦੇ ਹੋਏ। ਇਸ ਮੌਕੇ ਤੇ ਕੁਲਦੀਪ ਸਿੰਘ ਸਰਦੂਲਗੜ੍ਹ ਸੀਨੀਅਰ ਆਗੂ ਬਸਪਾ ਪੰਜਾਬ ਨੇ ਕਿਹਾ ਹੈ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਆਪਣੇ ਲੋਕਾਂ ਨੂੰ ਕਿਹਾ ਸੀ ਕਿ ਤੁਸੀਂ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਇੱਕ ਨੋਟ ਅਤੇ ਇੱਕ ਵੋਟ ਦੇ ਕੇ ਕਾਮਯਾਬ ਬਣਾਓ ਤਦ ਹੀ ਤੁਹਾਡੀ ਪਾਰਟੀ ਦੇ ਉਮੀਦਵਾਰ ਵੱਧ ਤੋਂ ਵੱਧ ਉਮੀਦਵਾਰ ਬਣਨਗੇ ਉਨ੍ਹਾਂ ਇਸ ਗੱਲ ਦੀ ਸ਼ੁਰੂਆਤ ਆਪਣੇ ਕੋਲੋਂ ਕੁਝ ਪੈਸੇ ਦੇ ਕੇ ਉਮੀਦਵਾਰਾਂ ਨੂੰ ਹੱਲਾਸ਼ੇਰੀ ਦਿੱਤੀ ਇਸ ਤਰ੍ਹਾਂ ਹੀ ਪੂਰੇ ਭਾਰਤ ਵਿੱਚ ਚਾਹੀਦਾ ਹੈ ਕਿ ਜਿਥੇ ਜਿਥੇ ਵੀ ਚੋਣਾਂ ਹੋਣ ਉਨ੍ਹਾਂ ਉਮੀਦਵਾਰਾਂ ਦੀ ਹਮਾਇਤ ਕੀਤੀ ਜਾਵੇ ਤਾਂ ਕਿ ਉਮੀਦਵਾਰ ਖੜ੍ਹਨ ਤੋਂ ਘਬਰਾਉਂਦੇ ਨਹੀਂ ਹੈ। ਹੁਣ ਪੂਰੇ ਪੰਜਾਬ ਵਿੱਚ ਐਮ ਸੀ ਦੀਆਂ ਚੋਣਾਂ ਹੋ ਰਹੀਆਂ ਹਨ ਉਮੀਦਵਾਰਾਂ ਦੀ ਕਿਸੇ ਵੀ




ਤਰ੍ਹਾਂ ਹੱਲਪ ਜ਼ਰੂਰ ਕੀਤੀ ਜਾਵੇ। ਉਹ ਚਾਹੇ ਨੋਟ ਦੇ ਕੇ,ਚਾਹੇ ਟਾਇਮ ਦੇ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਇਸ ਮੌਕੇ ਤੇ ਜਿਲ੍ਹਾ ਪ੍ਰਧਾਨ ਬਾਬੂ ਸਿੰਘ ਜੀ ਫਤਹਿਪੁਰ। ਜਿਲ੍ਹਾ ਮੀਤ ਪ੍ਰਧਾਨ ਸਰਬਰ ਕਰੈਸ਼ੀ ਜੀ। ਜਿਲ੍ਹਾ ਜਰਨਲ ਸਕੱਤਰ ਰਾਮਫ਼ਲ ਸਿੰਘ ਬੁਢਲਾਡਾ। ਜਿਲ੍ਹਾ ਸਕੱਤਰ ਸੁਖਦੇਵ ਸਿੰਘ ਭੀਖੀ। ਜਿਲ੍ਹਾ ਕਮੇਟੀ ਮੈਂਬਰ ਗੁਰਜੰਟ ਸਿੰਘ। ਜਿਲ੍ਹਾ ਭੜਢ ਹਰਦੀਪ ਸਿੰਘ ਗੱਗੀ। ਹਲਕਾ ਇੰਚਾਰਜ ਸਾਧਾ ਸਿੰਘ। ਹਲਕਾ ਇੰਚਾਰਜ ਜਸਵਿੰਦਰ ਸਿੰਘ ਜੱਸਾ । ਹਲਕਾ ਪ੍ਰਧਾਨ ਬੁਢਲਾਡਾ ਪਾਲ ਸਿੰਘ ਰੱਲੀ। ਸ਼ਹਿਰੀ ਪ੍ਰਧਾਨ ਬੁਢਲਾਡਾ ਬਲਜੀਤ ਸਿੰਘ। ਸੀਨੀਅਰ ਆਗੂ ਕੁੰਡਾ ਸਿੰਘ । ਸੀਨੀਅਰ ਆਗੂ ਭੀਮ ਸਿੰਘ। ਕਾਲਾ ਸਿੰਘ ਦਈਆ। ਸਿਵਜੀ ਸਿੰਘ। ਜੂਪ ਸਿੰਘ ਬੁਢਲਾਡਾ । ਮੱਖਣ ਸਿੰਘ ਦਈਆ। ਅਮਰੀਕ ਸਿੰਘ। ਬਹਾਦਰ ਸਿੰਘ। ਤਰਸੇਮ ਸਿੰਘ ਰੱਲੀ। ਸੀਨੀਅਰ ਆਗੂ ਕੌਰ ਸਿੰਘ ਫੌਜੀ ਹਾਜ਼ਰ ਸਨ।

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 31 'ਚ 20 ਲੱਖ ਦੀ ਲਾਗਤ ਨਾਲ ਸੜਕ ਬਣਾਉਣ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ )** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 31 ਵਿਚ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੜਕ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਿਛਲੇ ਚਾਰ ਸਾਲਾਂ ਦੌਰਾਨ ਸੂਬੇ ਵਿਚ ਸਾਰੀਆਂ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ ਗਈਆਂ ਹਨ ਜਿਸ ਨਾਲ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀ ਨੁਹਾਰ ਬਦਲੀ ਹੈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਦੇ ਹਰ ਖੇਤਰ ਵਿਚ ਸੜਕਾਂ, ਗਲੀਆਂ, ਸੁਚੱਜੇ ਪਾਣੀ ਸਪਲਾਈ ਲਈ ਟਿਊਬਵੈੱਲ ਲਾਉਣ ਤੋਂ ਇਲਾਵਾ ਲੋਕ ਭਲਾਈ ਕਾਰਜਾਂ ਨੂੰ ਵੱਡੇ ਪੱਧਰ 'ਤੇ ਅਮਲੀ ਜਾਮਾ ਪਹਿਨਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਲੋਕਾਂ ਦੀ ਮੰਗ ਅਨੁਸਾਰ ਲਗਾਤਾਰ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਭਵਿੱਖ ਵਿਚ ਵੀ ਇਹ ਲੜੀ



ਬਰਕਰਾਰ ਰਹੇਗੀ ਤਾਂ ਜੋ ਲੋਕਾਂ ਨੂੰ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰਾਜ ਅੰਦਰ ਬੁਨਿਆਦੀ ਢਾਂਚੇ ਨੂੰ ਨਵੀਂ ਮਜ਼ਬੂਤੀ ਪ੍ਰਦਾਨ ਕੀਤੀ ਗਈ ਹੈ ਜਿਸ ਦਾ ਆਮ ਲੋਕਾਂ ਨੂੰ ਬੇਹੱਦ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 31 ਵਿੱਚ ਬਣਾਈ ਜਾ ਰਹੀ ਸੜਕ ਸਥਾਨਕ ਨਿਵਾਸੀਆਂ ਲਈ ਵੱਡੀ ਸਹੂਲਤ ਸਾਬਤ ਹੁੰਦਿਆਂ ਉਨ੍ਹਾਂ ਦੀ ਆਵਾਜਾਈ ਨੂੰ ਹੋਰ ਸੁਖਾਲਾ ਕਰੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੰਗਾਂ ਅਤੇ ਜ਼ਰੂਰਤਾਂ ਨੂੰ ਤਰਜੀਹ ਦਿੰਦੇ ਹੋਏ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਵਿਧਾਇਕ ਜਿੰਪਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਸਾਰੀ ਦਾ ਕੰਮ ਨਿਰਧਾਰਤ ਸਮੇਂ ਦੇ ਅੰਦਰ ਗੁਣਵੱਤਾ ਦੇ ਨਾਲ ਪੂਰਾ ਕੀਤਾ ਜਾਵੇ।

# ਅਰੋੜਾ ਵੰਸ਼ ਸਭਾ ਲੋੜਵੰਦ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ - ਸੰਜੀਵ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਪ੍ਰਸਤ ਸੰਜੀਵ ਅਰੋੜਾ ਅਤੇ ਪ੍ਰਧਾਨ ਟਿੰਕੂ ਨਰੂਲਾ ਦੀ ਅਗਵਾਈ ਹੇਠ ਅਰੋੜਾ ਵੰਸ਼ ਸਭਾ ਨੇ ਮਨੁੱਖਤਾ ਦੀ ਸੇਵਾ ਦਾ ਇੱਕ ਸ਼ਲਾਘਾਯੋਗ ਕਾਰਜ ਕੀਤਾ। ਪੀਜੀਆਈ ਹਸਪਤਾਲ, ਚੰਡੀਗੜ੍ਹ ਵਿੱਚ ਦਾਖਲ ਇੱਕ ਕੈਂਸਰ ਮਰੀਜ਼ ਨੂੰ ਦਵਾਈਆਂ ਖਰੀਦਣ ਲਈ ₹8500 ਦਾ ਚੈੱਕ ਭੇਟ ਕੀਤਾ ਗਿਆ। ਇਸ ਮੌਕੇ ਸਭਾ ਦੇ ਮੈਂਬਰਾਂ ਨੇ ਮਰੀਜ਼ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਲੋੜਵੰਦਾਂ ਦੀ ਮਦਦ ਕਰਨਾ ਸਮਾਜ ਦੀ ਸਭ ਤੋਂ ਵੱਡੀ ਸੇਵਾ ਹੈ। ਪ੍ਰਧਾਨ ਟਿੰਕੂ ਨਰੂਲਾ ਨੇ ਕਿਹਾ ਕਿ ਅਰੋੜਾ ਵੰਸ਼ ਸਭਾ ਹਮੇਸ਼ਾ ਸਮਾਜਿਕ ਕਾਰਜਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੀ ਰਹੀ ਹੈ ਅਤੇ ਲੋੜਵੰਦ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਦੀ ਰਹੇਗੀ। ਉਨ੍ਹਾਂ ਅੱਗੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਲੋੜਵੰਦਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣਾ ਹੈ। ਇਸ ਮੌਕੇ ਸਰਪ੍ਰਸਤ ਸੰਜੀਵ ਅਰੋੜਾ, ਇੱਕ ਉੱਘੇ ਸਮਾਜ ਸੇਵਕ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੰਭੀਰ ਬਿਮਾਰੀਆਂ ਦਾ ਇਲਾਜ ਇਨ੍ਹੀਂ ਦਿਨੀਂ ਬਹੁਤ ਮਹਿੰਗਾ ਹੋ ਗਿਆ ਹੈ, ਇਸ ਲਈ ਸਮਾਜ ਦੇ ਯੋਗ ਮੈਂਬਰਾਂ ਨੂੰ ਅੱਗੇ ਆ ਕੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸੱਚੀ ਸੇਵਾ ਹੈ ਅਤੇ ਸੰਸਥਾ ਭਵਿੱਖ ਵਿੱਚ ਵੀ ਅਜਿਹੇ ਸੇਵਾ ਕਾਰਜ ਕਰਦੀ ਰਹੇਗੀ। ਇਸ ਮੌਕੇ 'ਤੇ ਮੌਜੂਦ ਮੈਂਬਰਾਂ ਨੇ ਮਰੀਜ਼



ਅਤੇ ਉਸਦੇ ਪਰਿਵਾਰ ਦਾ ਹੌਸਲਾ ਵਧਾਇਆ ਅਤੇ ਕਿਹਾ ਕਿ ਪੂਰਾ ਸਮਾਜ ਉਨ੍ਹਾਂ ਦੇ ਨਾਲ ਖੜ੍ਹਾ ਹੈ। ਸਭਾ ਦੇ ਮੈਂਬਰਾਂ ਨੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣ ਤਾਂ ਜੋ ਸਮਾਜ ਵਿੱਚ ਆਪਸੀ ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾ ਸਕੇ।

# ਜੇਕਰ ਅੱਜ ਦੀ ਮੀਟਿੰਗ ਬੇਸਿੱਟਾ ਰਹੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ - ਕੁਲਵੰਤ ਸਿੰਘ ਸੈਣੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਿਊਂਸੀਪਲ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ 'ਤੇ ਸੂਬੇ ਭਰ ਦੀਆਂ ਕਾਰਪੋਰੇਸ਼ਨਾਂ ਅਤੇ ਨਗਰ ਕੌਂਸਲਾਂ ਵਿੱਚ ਕੰਮ ਕਰਦੇ ਕਰਮਚਾਰੀ ਹੜਤਾਲ ਤੇ ਹਨ। ਸਰਕਾਰ ਅਤੇ ਪ੍ਰਸ਼ਾਸਨ ਯੂਨੀਅਨ ਆਗੂਆਂ 'ਤੇ ਹੜਤਾਲ ਖਤਮ ਕਰਨ ਲਈ ਦਬਾਅ ਪਾ ਰਿਹਾ ਹੈ। ਹਾਲਾਂਕਿ, ਕਰਮਚਾਰੀਆਂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਹੜਤਾਲ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ। ਇਹ ਜਾਣਕਾਰੀ ਦਿੰਦੇ ਹੋਏ ਐਕਸ਼ਨ ਕਮੇਟੀ ਦੇ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਸਰਕਾਰੀ ਪ੍ਰਤੀਨਿਧੀ ਅਤੇ ਪ੍ਰਸ਼ਾਸਨ ਹੜਤਾਲ ਖਤਮ ਕਰਨ ਲਈ



ਦਬਾਅ ਪਾ ਰਹੇ ਹਨ। ਪਰ ਇਸ ਵਾਰ ਕਰਮਚਾਰੀ ਕਿਸੇ ਵੀ ਦਬਾਅ ਅੱਗੇ ਝੁਕਣ ਦੇ ਮੂਡ ਵਿੱਚ ਨਹੀਂ ਹਨ ਅਤੇ ਆਪਣੇ ਹੱਕਾਂ ਲਈ ਆਪਣੀ ਲੜਾਈ ਵਿੱਚ ਜਿੱਤ ਹੀ ਸਵੀਕਾਰ ਕਰਨਗੇ। ਉਨ੍ਹਾਂ ਕਿਹਾ ਕਿ ਦੋ ਦਿਨ ਪਹਿਲਾਂ ਹੋਈ ਮੀਟਿੰਗ ਪੂਰੀ ਤਰ੍ਹਾਂ ਬੇਸਿੱਟਾ ਰਹੀ, ਅਤੇ ਸਰਕਾਰ ਨੇ ਸੋਮਵਾਰ, 18 ਮਈ ਨੂੰ ਇੱਕ ਹੋਰ ਮੀਟਿੰਗ ਦਾ ਪ੍ਰਸਤਾਵ ਰੱਖਿਆ ਹੈ, ਜਿਸ ਵਿੱਚ ਐਕਸ਼ਨ ਕਮੇਟੀ ਅਤੇ ਸਫਾਈ ਕਰਮਚਾਰੀ ਯੂਨੀਅਨ ਸਮੇਤ ਹੋਰ ਯੂਨੀਅਨਾਂ ਦੇ ਪ੍ਰਤੀਨਿਧੀ ਹਿੱਸਾ ਲੈਣਗੇ। ਜੇਕਰ ਸਰਕਾਰ ਇਸ ਮੀਟਿੰਗ ਵਿੱਚ ਵੀ ਉਨ੍ਹਾਂ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕਰਦੀ ਹੈ, ਤਾਂ ਹੜਤਾਲ ਤੇਜ਼ ਕੀਤੀ ਜਾਵੇਗੀ, ਪਰ ਵਾਂਝੇ ਕਾਮੇ ਆਪਣੇ ਹੱਕਾਂ ਨੂੰ ਸੁਰੱਖਿਅਤ ਹੋਣ ਤੱਕ ਆਰਾਮ ਨਹੀਂ ਕਰਨਗੇ। ਇਸ ਮੌਕੇ ਪ੍ਰਧਾਨ ਕਰਨਜੋਤ ਆਦੀਆ, ਸੋਮਨਾਥ ਆਦੀਆ, ਵਿਕਰਮਜੀਤ, ਗੋਪਾਲ ਕਿਸ਼ਨ, ਜੋਗਿੰਦਰਪਾਲ, ਅਰੁਣ ਕੁਮਾਰ, ਹਰਵਿੰਦਰ, ਨੀਰਜ ਹੰਸ, ਬਲਰਾਮ ਭੱਟੀ, ਹੀਰਾ ਲਾਲ, ਪ੍ਰਦੀਪ ਕੁਮਾਰ, ਹਰਬਿਲਾਸ, ਦੇਵ ਕੁਮਾਰ, ਅਸ਼ੋਕ ਕੁਮਾਰ ਹੰਸ, ਰਜਿੰਦਰ ਕੁਮਾਰ, ਪਵਨ ਕੁਮਾਰ, ਸੁਭਾਸ਼ ਚੰਦਰ, ਬਲਦੇਵ ਕੁਮਾਰ, ਦੀਪਕ ਆਦਿ ਹਾਜ਼ਰ ਸਨ।

# ਤੇਜ਼ੀ ਨਾਲ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਪੇਪਰ ਲੀਕ ਵਰਗੇ ਜਨਤਕ ਮੁੱਦਿਆਂ ਨੂੰ ਲੈ ਕੇ ਕਮਿਉਨਿਸਟਾਂ ਵਲੋਂ ਮੋਦੀ ਸਰਕਾਰ ਖ਼ਿਲਾਫ਼ ਰੋਸ ਦਿਖਾਵਾ

## ਠੀਕਰੀਵਾਲਾ ਚੌਂਕ ਵਿੱਚ ਫੂਕਿਆ ਮੋਦੀ ਸਰਕਾਰ ਦਾ ਪੁਤਲਾ

**ਮਾਨਸਾ, 18 ਮਈ (ਜਸਵੰਤ ਗਿੱਲ ਸਮਾਲਸਰ)** ਸੀਪੀਆਈ (ਐਮ ਐਲ) ਲਿਬਰੇਸ਼ਨ ਅਤੇ ਆਰ ਐਮ ਪੀ ਆਈ ਵਲੋਂ ਸਾਂਝੇ ਤੌਰ 'ਤੇ ਦਿੱਤੇ ਸੂਬਾ ਪੱਧਰੀ ਸੱਦੇ ਤਹਿਤ ਅੱਜ ਇਥੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਂਕ ਵਿੱਚ ਇੰਨਾਂ ਪਾਰਟੀਆਂ ਦੇ ਵਰਕਰਾਂ ਵਲੋਂ ਤੇਜ਼ੀ ਨਾਲ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਪੇਪਰ ਲੀਕ ਵਰਗੇ ਮੁੱਦਿਆਂ ਨੂੰ ਲੈ ਕੇ ਰੋਸ ਧਰਨਾ ਦਿੱਤੇ ਅਤੇ ਦੇਸ਼ ਨੂੰ ਹਰ ਪੱਖੋਂ ਗੰਭੀਰ ਸੰਕਟ ਵਿੱਚ ਧੱਕਣ ਲਈ ਜ਼ਿੰਮੇਵਾਰ ਮੋਦੀ ਸਰਕਾਰ ਦਾ ਪੁਤਲਾ ਫੂਕਿਆ।

ਇਸ ਰੋਸ ਵਿਖਾਵੇ ਨੂੰ ਸੀਪੀਆਈ (ਐਮ ਐਲ) ਲਿਬਰੇਸ਼ਨ ਅਤੇ ਆਰ ਐਮ ਪੀ ਆਈ ਵਲੋਂ ਕਾਮਰੇਡ ਸੁਰਿੰਦਰ ਪਾਲ ਸ਼ਰਮਾ, ਜਸਬੀਰ ਕੌਰ ਨੱਤ, ਅਮਰੀਕ ਸਿੰਘ ਫਫੜੇ, ਬਲਵਿੰਦਰ ਸਿੰਘ ਘਰਾਂਗਣਾ, ਕਰਨੈਲ ਸਿੰਘ ਮਾਨਸਾ, ਬੱਲਮ ਸਿੰਘ ਫਫੜੇ, ਗਿੰਦਰ ਸਿੰਘ, ਦੀਵਾਨ ਸਿੰਘ ਅਹਿਮਦਪੁਰ, ਗਗਨਦੀਪ ਸਿਰਸੀਵਾਲਾ, ਸੁਖਚਰਨ ਸਿੰਘ ਦਾਨੇਵਾਲਾ ਅਤੇ ਗੁਰਮੀਤ ਸਿੰਘ ਧਾਲੀਵਾਲ ਨੇ ਸੰਬੋਧਨ ਕੀਤਾ। ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਤੇ ਪੰਜਾਬ ਦੇ ਇੰਚਾਰਜ ਕਾਮਰੇਡ ਪ੍ਰਸ਼ੋਤਮ ਸ਼ਰਮਾ ਇਸ ਧਰਨੇ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਬੁਲਾਰਿਆਂ ਨੇ ਕਿਹਾ ਕਿ ਜਦੋਂ ਤੇਲ ਤੇ ਗੈਸ ਦੀਆਂ ਕੀਮਤਾਂ ਕੌਮਾਂਤਰੀ ਬਾਜ਼ਾਰ ਵਿੱਚ ਬਹੁਤ ਹੇਠਾਂ ਆਈਆਂ ਹੋਈਆਂ ਸਨ, ਤਾਂ ਉਸ ਦਾ ਫਾਇਦਾ ਆਮ ਜਨਤਾ ਨੂੰ ਦੇਣ ਦੀ ਬਜਾਏ, ਮੋਦੀ ਸਰਕਾਰ ਦੀ ਹਿੱਸਾ ਪਤੀ ਨਾਲ ਇੰਨਾਂ ਦੇ ਰੇਟ ਉਚੇ ਹੀ



ਬਣਾਈ ਰੱਖੇ ਗਏ , ਪਰ ਹੁਣ ਜਦ ਇਰਾਨ ਜੰਗ ਤੇ ਹਾਰਮੂਜ਼ ਸਟ੍ਰੇਟ ਬੰਦ ਹੋਣ ਕਾਰਨ ਕੌਮਾਂਤਰੀ ਪੱਧਰ 'ਤੇ ਕੀਮਤਾਂ ਵੱਧੀਆਂ ਤਾਂ ਪੰਜ ਸੂਬਿਆਂ ਦੀਆਂ ਵਿਧਾਨ ਸਭਾਈ ਚੋਣਾਂ ਖ਼ਤਮ ਹੋਣ ਸਾਰ ਸਰਕਾਰ ਵਲੋਂ ਇੰਨਾਂ ਦੀਆਂ ਕੀਮਤਾਂ ਨੂੰ ਕਿਸ਼ਤਾਂ ਵਿੱਚ ਵਧਾਇਆ ਜਾ ਰਿਹਾ ਹੈ। ਤੇਲ ਕੀਮਤਾਂ ਵਧਣ ਨਾਲ ਹਰ ਖੇਤਰ ਵਿੱਚ ਮਹਿੰਗਾਈ ਤੇਜ਼ੀ ਨਾਲ ਵੱਧ ਰਹੀ ਹੈ। ਪਰ ਅਪਣੀਆਂ ਉਜਰਤਾਂ ਵਿੱਚ ਵਾਧੇ ਦੀ ਮੰਗ ਨੂੰ ਲੈਕੇ ਹੜਤਾਲਾਂ ਕਰਨ ਵਾਲੇ ਉਦਯੋਗਿਕ ਮਜ਼ਦੂਰਾਂ ਨੂੰ ਵਿਦੇਸ਼ੀ ਸ਼ਹਿ ਤੇ ਅੰਦੋਲਨ ਕਰਦੇ ਦਸ ਕੇ ਕੁਚਲਿਆ ਤੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਪੰਜਾਬ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਐਸ ਕੇ ਐਮ ਦੇ ਸੱਦੇ 'ਤੇ ਚੰਡੀਗੜ੍ਹ ਰਾਜਪਾਲ ਨੂੰ ਮਿਲਣ ਜਾ ਰਹੇ ਪੰਜਾਬ ਦੇ ਕਿਸਾਨਾਂ ਨੂੰ ਅਪਣੀ ਰਾਜਧਾਨੀ ਚੰਡੀਗੜ੍ਹ ਵਿੱਚ ਦਾਖ਼ਲ ਹੋਣੋ ਰੋਕਣ ਲਈ ਲਾਠੀਚਾਰਜ, ਜਲ ਤੋਪਾਂ ਤੇ ਅੱਥਰੂ ਗੈਸ ਦੀ ਵਰਤੋ ਕੀਤੀ ਜਾਂਦੀ ਹੈ। ਹਰ ਸਾਲ ਕਈ ਅਹਿਮ ਪੇਪਰ ਲੀਕ ਕਰਵਾ ਕੇ ਨਵੀਆਂ ਭਰਤੀਆਂ ਨੂੰ ਟਾਲਣ ਦੀ ਤਰਜ਼ 'ਤੇ ਹੁਣ ਨੀਟ ਦਾ ਪੇਪਰ ਲੀਕ ਕਰਵਾ ਕੇ 20 ਲੱਖ ਤੋਂ ਵੱਧ ਨੌਜਵਾਨਾਂ ਦੀ ਤਿਆਰੀ ਅਤੇ ਸਖ਼ਤ ਮਿਹਨਤ ਉਤੇ ਬੇਕਿਰਕੀ ਨਾਲ ਪਾਣੀ ਫੇਰ ਦਿੱਤਾ ਗਿਆ ਹੈ। ਇੰਝ ਚਾਹੇ ਬੀਜੇਪੀ ਤੇ ਮੋਦੀ ਸਰਕਾਰ ਐਸ ਆਈ ਆਰ, ਫਿਰਕੂ ਧਰੁਵੀਕਰਨ ਅਤੇ ਈਵੀਐਮ ਦੇ ਬਲ 'ਤੇ ਚੋਣਾਂ ਜਿੱਤ ਰਹੀ ਹੈ, ਪਰ ਆਮ ਜਨਤਾ ਵਿੱਚ ਉਸ ਦੀਆਂ ਨੀਤੀਆਂ ਤੇ ਮਾੜੀ ਕਾਰਗੁਜ਼ਾਰੀ ਖਿਲਾਫ ਗੁੱਸਾ ਲਗਾਤਾਰ ਵੱਧ ਰਿਹਾ ਹੈ। ਅੱਜ ਜਾਂ ਕੱਲ ਜਨਤਾ ਨੂੰ ਇੰਨਾਂ ਨੀਤੀਆਂ ਅਤੇ ਮੋਦੀ ਦੀ ਸੰਵਿਧਾਨਕ ਤਾਨਾਸ਼ਾਹੀ ਖ਼ਿਲਾਫ਼ ਸੜਕਾਂ ਉਤੇ ਨਿੱਤਰਨਾ ਹੀ ਪਵੇਗਾ।

ਕਮਿਉਨਿਸਟ ਆਗੂਆਂ ਨੇ ਐਲਾਨ ਕੀਤਾ ਕਿ ਇੰਨਾਂ ਸੁਆਲਾਂ ਤੇ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦੀਆਂ ਪਾਰਟੀਆਂ ਨੇ 19 ਤੋਂ 28 ਮਈ ਤੱਕ "ਲੋਕਾਂ ਕੋਲ ਚੱਲੋ" ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਐਸਆਈਆਰ ਦੇ ਨਾਂ 'ਤੇ ਚੋਣ ਕਮਿਸ਼ਨ ਵੱਲੋਂ ਪੰਜਾਬ ਵਿੱਚ ਵੀ ਗਰੀਬਾਂ ਅਤੇ ਮਜ਼ਦੂਰਾਂ ਦੀਆਂ ਲੱਖਾਂ ਵੋਟਾਂ ਕੱਟਣ ਦੀ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ 7 ਜੂਨ ਨੂੰ ਲੁਧਿਆਣਾ ਵਿਖੇ ਵਿਸ਼ਾਲ 'ਜਨ ਸੁਣਵਾਈ' ਵੀ ਜਥੇਬੰਦ ਕੀਤੀ ਜਾਵੇਗੀ।

# 'ਜ਼ਿੰਦਗੀ ਜ਼ਿੰਦਾਬਾਦ' ਕਿਤਾਬ ਘਰ, ਘੜਾਮਾਂ ਵਿਖੇ ਫਿਲਮ 'ਚੜ੍ਹਦੀ ਕਲਾ' ਦੀ ਟੀਮ ਨੇ ਲਗਾਈਆਂ ਰੌਣਕਾਂ





**ਘਨੌਰ, 17 ਮਈ(ਰੋਮੀ ਘੜਾਮਾਂ):** ਹਲਕੇ ਅਧੀਨ ਪੈਂਦੇ ਪਿੰਡ ਘੜਾਮਾਂ ਕਲਾਂ ਵਿੱਚ ਸਥਿਤ 'ਜ਼ਿੰਦਗੀ ਜ਼ਿੰਦਾਬਾਦ' ਕਿਤਾਬ ਘਰ (ਲਾਇਬ੍ਰੇਰੀ) ਵਿਖੇ ਅੱਜ ਖੂਬ ਰੌਣਕਾਂ ਲੱਗੀਆਂ। ਮੌਕਾ ਸੀ ਨਵੀਂ ਆ ਰਹੀ ਫਿਲਮ 'ਚੜ੍ਹਦੀ ਕਲਾ' ਦੀ ਪ੍ਰਮੋਸ਼ਨ ਦਾ। ਕਿਤਾਬ ਘਰ ਦੇ ਮੁੱਖ ਸੰਚਾਲਕ ਓਮ ਪ੍ਰਕਾਸ਼ ਘੜਾਮਾਂ ਨੇ ਦੱਸਿਆ ਕਿ ਇਸ ਲਈ ਫਿਲਮ ਦੇ ਪ੍ਰਮੁੱਖ ਫ਼ਨਕਾਰ ਰੂਪੀ ਗਿੱਲ, ਜਰਨੈਲ ਸਿੰਘ ਅਤੇ ਹਿੰਮਤ ਸੰਧੂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਦਰਸ਼ਕਾਂ ਦੇ ਰੂਬਰੂ ਹੋਏ। ਉਨ੍ਹਾਂ ਆਪਣੇ ਵਿਚਾਰ ਸਾਂਝੇ ਕਰਦਿਆਂ ਲੋਕਾਂ ਨੂੰ ਫਿਲਮ ਵੇਖਣ ਦੀ ਅਪੀਲ ਕੀਤੀ ਅਤੇ ਆਪਣੀ ਜ਼ਿੰਦਗੀ ਦੀਆਂ ਖ਼ੂਬਸੂਰਤ ਯਾਦਾਂ ਸਾਂਝੀਆਂ ਕੀਤੀਆਂ। ਉਪਰੰਤ ਸਾਰੀ ਟੀਮ ਨੇ ਕਿਤਾਬ ਘਰ ਦਾ ਦੌਰਾ ਕਰਦਿਆਂ ਪ੍ਰਬੰਧਕਾਂ ਦੀ ਖੂਬ ਸ਼ਲਾਘਾ ਕੀਤੀ ਅਤੇ ਹੱਲਾਸ਼ੇਰੀ/ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮਨਿੰਦਰ ਸਿੰਘ, ਮਾ. ਸੁਸ਼ੀਲ ਕੁਮਾਰ, ਜੋਧਵੀਰ ਸਿੰਘ ਸਰਪੰਚ, ਸੁਰਿੰਦਰ ਕੁਮਾਰ ਸਰਪੰਚ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਫਿਲਮ ਕਲਾਕਾਰ, ਮਾਊਂਟੇਨਰ ਸੁੱਖੀ ਬੱਲ ਦਾ ਜਰਖੜ ਖੇਡ ਸਟੇਡੀਅਮ ਪੁੱਜਣ ਤੇ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ " ਨਾਲ ਹੋਇਆ ਸਨਮਾਨ









**ਲੁਧਿਆਣਾ ਡੇਹਲੋਂ ਨਕੋਦਰ ਮਹਿਤਪੁਰ 18 ਮਈ (ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਰਜਿਸਟਰ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ ਐਸਟੀ ਓਲੰਪੀਅਨ ਪ੍ਰਿਥੀਪਾਂਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ ਮੈਚਾਂ ਦੌਰਾਨ ਬੀਤੀ ਰਾਤ ਹੁਣੇ ਹੁਣੇ ਨੇਪਾਲ ਦੀ ਹਿਮਾਲਿਆ ਪਹਾੜੀ ਅੰਮਾ ਡਬਲਮ ਨੂੰ ਸਰ ਕਰਨ ਵਾਲੀ ਪੰਜਾਬ ਦੀ ਪਹਿਲੀ ਨੌਜਵਾਨ ਧੀ , ਫਿਲਮ ਕਲਾਕਾਰ ,ਕੌਮੀ ਅਥਲੀਟ ਸੁਖਵੀਰ ਕੌਰ ਉਰਫ਼ ਸੁੱਖੀ ਬੱਲ ਦਾ ਜਰਖੜ ਸਟੇਡੀਅਮ ਵਿਖੇ ਪੁੱਜਣ ਤੇ ਜੋਰਦਾਰ ਸਵਾਗਤ ਕੀਤਾ ਗਿਆ ਅਤੇ ਜਰਖੜ ਟਰੱਸਟ ਵਲੋਂ ਉਹਨਾਂ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੁੱਖੀ ਬੱਲ ਨੇ ਜਿੱਥੇ ਟੂਰਨਾਮੈਂਟ ਦੀਆਂ ਵੱਖ ਵੱਖ ਟੀਮਾਂ ਨਾਲ ਜਾਣ ਪਹਿਚਾਣ ਕੀਤੀ ਉਥੇ ਉਹਨਾਂ ਨੇ ਆਪਣੇ ਸਨਮਾਨ ਬਾਰੇ ਬੋਲਦਿਆ ਆਖਿਆ ਕਿ ਇਹ ਸਨਮਾਨ ਉਹਨਾਂ ਦੀ ਸਮਰਪਿਤ ਭਾਵਨਾ, ਮਿਹਨਤ , ਅਤੇ ਜ਼ਿੰਦਗੀ ਦੇ ਹੋਰ ਟੀਚੇ ਸਰ ਕਰਨ ਨੂੰ ਹੋਰ ਹੌਸਲਾ ਦੇਵੇਗਾ । ਉਹਨਾਂ ਆਖਿਆ ਕਿ ਜਰਖੜ ਖੇਡਾਂ ਨੇ ਤੰਦਰੁਸਤ ਸਮਾਜ ਅਤੇ ਅੱਗੇ ਵੱਧਦਾ ਪੰਜਾਬ ਸਿਰਜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸੁਖੀ ਬੱਲ ਨੇ ਆਖਿਆ ਕਿ ਉਹਨਾਂ ਦਾ ਪਰਿਵਾਰ ਵੀ ਖੇਡਾਂ ਨੂੰ ਹੀ ਸਮਰਪਿਤ ਹੈ ਉਹ ਖੁਦ ਕੌਮੀ ਪੱਧਰ ਦੀ ਅਥਲੀਟ ਰਹੀ ਹੈ ਉਹਨਾਂ ਦੇ ਪਿਤਾ ਰਣਜੀਤ ਸਿੰਘ ਬੱਲ ਜਿੱਥੇ ਕਬੱਡੀ ਦੇ ਨਾਮੀ ਖਿਡਾਰੀ ਸੀ ਉਹਨਾਂ ਦਾ ਭਰਾ ਕੌਮੀ ਪੱਧਰ ਤੇ ਬਾਸਕਟਬਾਲ ਖੇਡਦਾ ਹੈ। ਇਸ ਮੌਕੇ ਉਹਨਾਂ ਨੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨਾਲ ਖੇਡਾਂ ਸਬੰਧੀ ਕੁਝ ਗੱਲਾਂ ਸਾਂਝੀਆਂ ਕੀਤੀਆਂ ਅਤੇ ਉਹਨਾਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਪ੍ਰੇਰਿਆ। ਸੁਖੀ ਬੱਲ ਨੇ ਆਖਿਆ ਕਿ ਜੇਕਰ ਪੰਜਾਬ ਦੇ ਹਰ ਪਿੰਡ ਵਿੱਚ ਜਰਖੜ ਵਰਗੀ ਖੇਡ ਸਹੂਲਤ ਨੌਜਵਾਨਾਂ ਨੂੰ ਮਿਲੇ ਤਾਂ ਪੰਜਾਬ ਕੁਝ ਦਿਨਾਂ ਵਿੱਚ ਹੀ ਆਪਣੇ ਆਪ ਡਰੱਗ ਮੁਕਤ ਸੂਬਾ ਬਣ ਸਕਦਾ ਹੈ।ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਸੁੱਖੀ ਬੱਲ ਨੂੰ ਜੀ ਆਇਆ ਆਖਦਿਆਂ ਦਸੰਬਰ ਮਹੀਨੇ ਹੋਣ ਵਾਲੀਆਂ ਜਰਖੜ ਖੇਡਾਂ ਲਈ ਬਰਾਂਡ ਅੰਬੈਸਡਰ ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਬੀਰਮਪੁਰ, ਅਮਰੀਕ ਸਿੰਘ ਮਿਨਹਾਸ ਏਆਈਜੀ ,ਗੁਰਸਤਿੰਦਰ ਸਿੰਘ ਪ੍ਰਗਟ , ਤਜਿੰਦਰ ਸਿੰਘ ਜਰਖੜ ਸ਼ਿੰਗਾਰਾ ਸਿੰਘ ਜਰਖੜ ਅਤੇ ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ , ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਨਵਾਂਸ਼ਹਿਰ ਤੇ ਰਾਹੋਂ ਬਲਾਕ ਦੀ ਸਾਂਝੀ ਮੀਟਿੰਗ; ਡੇਂਗੂ ਵਿਰੁੱਧ ਮੁਹਿੰਮ ਵਿੱਢਣ ਦਾ ਫ਼ੈਸਲਾ





**ਨਵਾਸ਼ਹਿਰ 18 ਮਈ (ਜਤਿੰਦਰ ਪਾਲ ਸਿੰਘ ਕਲੇਰ )** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ295 ਦੇ ਦੋ ਬਲਾਕਾਂ ਰਾਹੋਂ ਅਤੇ ਨਵਾਂਸ਼ਹਿਰ ਦੀ ਇੱਕ ਸਾਂਝੀ ਅਹਿਮ ਮੀਟਿੰਗ ਨਵਾਂਸ਼ਹਿਰ ਦੇ ਇੱਕ ਨਿੱਜੀ ਰੈਸਟੋਰੈਂਟ ਵਿਖੇ ਹੋਈ। ਇਹ ਮੀਟਿੰਗ ਨਵਾਂਸ਼ਹਿਰ ਬਲਾਕ ਦੇ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਤੇ ਰਾਹੋਂ ਬਲਾਕ ਦੇ ਪ੍ਰਧਾਨ ਡਾ ਕੁਲਵਿੰਦਰ ਸਿੰਘ ਦੀ ਦੇਖ ਰੇਖ ਹੇਠ ਸਪੰਨ ਹੋਈ। ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਪ੍ਰਧਾਨ ਡਾ ਕਸ਼ਮੀਰ ਸਿੰਘ ਢਿੱਲੋ, ਜਨਰਲ ਸਕੱਤਰ ਡਾ ਧਰਮਜੀਤ ਅਤੇ ਚੇਅਰਮੈਨ ਡਾ ਟੇਕ ਚੰਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਬਦਲਦੇ ਮੌਸਮ ਵਿੱਚ ਮੱਛਰਾਂ ਦੀ ਵਧ ਰਹੀ ਭਰਮਾਰ 'ਤੇ ਡੂੰਘੀ ਚਿੰਤਾ ਪ੍ਰਗਟਾਈ ਗਈ। ਇਸ ਸਬੰਧੀ ਐਸੋਸੀਏਸ਼ਨ ਵੱਲੋਂ "ਡੇਂਗੂ 'ਤੇ ਵਾਰ" ਨਾਂ ਦੀ ਇੱਕ ਵਿਸ਼ੇਸ਼ ਮੁਹਿਮ ਚਲਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੁਹਿੰਮ ਤਹਿਤ ਹਰ ਬਲਾਕ ਦੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਡੇਂਗੂ ਦੇ ਲੱਛਣਾਂ, ਇਸ ਦੇ ਬਚਾਅ ਦੇ ਉਪਾਵਾਂ ਪ੍ਰਤੀ ਜਾਗਰੂਕ ਅਤੇ ਉਜਾਗਰ ਕੀਤਾ ਜਾਵੇਗਾ।ਐਮਰਜੰਸੀ ਅਤੇ ਦਿਲ ਦੇ ਰੋਗਾਂ ਬਾਰੇ ਮਾਹਿਰਾਂ ਦੀ ਸਲਾਹ ਇਸ ਮੀਟਿੰਗ ਵਿੱਚ ਕੇਅਰ ਬੈਸਟ ਹਸਪਤਾਲ ਜਲੰਧਰ ਤੋਂ ਮੈਡੀਸਨ ਕੰਸਲਟੈਂਟ ਅਤੇ ਕਾਰਡੀਓਲੋਜਿਸਟ ਡਾ. ਆਸਿਵ ਸ਼ੇਖ ਖਾਸ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਮੌਜੂਦ ਡਾਕਟਰ ਸਾਥੀਆਂ ਨੂੰ ਮਰੀਜ਼ਾਂ ਨੂੰ ਹੋਣ ਵਾਲੀਆਂ ਸਿਹਤ ਸੱਮਸਿਆਵਾਂ ਅਤੇ ਐਮਰਜੰਸੀ ਦੌਰਾਨ ਕੀਤੀ ਜਾਣ ਵਾਲੀ ਪਹਿਲਕ੍ਰਮੀ ਸਬੰਧੀ ਵਿਸਥਾਰਪੂਰਵਕ ਜਾਂਣੂ ਕਰਵਾਇਆ।ਡਾ. ਆਸਿਵ ਨੇ ਖਾਸਕਰ ਦਿਲ ਸਬੰਧੀ ਦਿੱਕਤਾਂ ਅਤੇ ਬੀ.ਪੀ. ਨਾਲ ਜੂਝ ਰਹੇ ਮਰੀਜ਼ਾਂ ਨੂੰ ਬਿਨਾਂ ਕਿਸੇ ਲਾਪ੍ਰਵਾਹੀ ਦੇ ਤੁਰੰਤ ਦਿੱਤੇ ਜਾਣ ਵਾਲੇ ਫਸਟ-ਏਡ ਇਲਾਜ ਦੀ ਜਾਣਕਾਰੀ ਦਿੱਤੀ ਅਤੇ ਸਮਾਂ ਰਹਿੰਦੇ ਸਪੈਸ਼ਲਿਸਟ ਡਾਕਟਰ ਕੋਲ ਪਹੁੰਚ ਕਰਨ ਦੀ ਸਲ੍ਹਾਹ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਮਿਲਾਵਟੀ ਭੋਜਨ ਅਤੇ ਜ਼ਹਿਰੀਲੀਆਂ ਦਵਾਈਆਂ ਨਾਲ ਪਕਾਏ ਹੋਏ ਫ਼ਲ ਅਤੇ ਸਬਜ਼ੀਆਂ ਖਾਣ ਤੋਂ ਸਖ਼ਤ ਮਨਾਹੀ ਕੀਤੀ।ਇਸ ਮੀਟਿੰਗ ਨੂੰ ਸਫ਼ਲ ਬਣਾਉਣ ਵਿੱਚ ਡਾ. ਮਨਜੀਤ ਲੱਧੜ, ਡਾ. ਦਿਲਬਾਗ ਸਿੰਘ, ਡਾ. ਬਿਮਲ ਕੈਂਥ, ਡਾ. ਤਰਸੇਮ ਸਿੰਘ, ਡਾ. ਰਣਜੀਤ ਸਿੰਘ ਅਤੇ ਡਾ. ਸਤੀਸ਼ ਤਿਵਾੜੀ ਸਮੇਤ ਵੱਡੀ ਗਿਣਤੀ ਵਿੱਚ ਐਸੋਸੀਏਸ਼ਨ ਦੇ ਮੈਂਬਰਾਂ ਨੇ ਹਾਜ਼ਰੀ ਲਗਵਾਈ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

# ਬਲੱਡ ਪ੍ਰੈਸ਼ਰ ਪ੍ਰਤੀ ਲਾਪ੍ਰਵਾਹੀ ਪੈ ਸਕਦੀ ਮਹਿੰਗੀ : ਐੱਸ.ਐੱਮ.ਓ. ਡਾ. ਸਤਵਿੰਦਰਪਾਲ ਸਿੰਘ

**ਨਵਾਂਸ਼ਹਿਰ, 18 ਮਈ ((ਮਨੋਰੰਜਨ ਕਾਲੀਆ) :** ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਵਿਸ਼ਵ ਹਾਈਪਰਟੈਂਸ਼ਨ ਦਿਵਸ ਮੌਕੇ ਲੋਕਾਂ ਨੂੰ ਹਾਈ ਬਲੱਡ ਪ੍ਰੈਸ਼ਰ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਸਾਲ ਵਿਸ਼ਵ ਹਾਈਪਰਟੈਂਸ਼ਨ ਦਿਵਸ-2026 ਦਾ ਮੁੱਖ ਥੀਮ "ਹਾਈਪਰਟੈਂਸ਼ਨ ਨੂੰ ਮਿਲ ਕੇ ਕੰਟਰੋਲ ਕਰੀਏ ਹੈ।" ਇਸ ਥੀਮ ਦਾ ਮੁੱਖ ਉਦੇਸ਼ ਲੋਕਾਂ ਨੂੰ ਹਾਈ ਬਲੱਡ ਪ੍ਰੈਸ਼ਰ ਪ੍ਰਤੀ ਜਾਗਰੂਕ ਕਰਨਾ ਅਤੇ ਇਸ ਦੀ ਸਮੇਂ ਸਿਰ ਜਾਂਚ ਤੇ ਕੰਟਰੋਲ ਦੀ ਮਹੱਤਤਾ ਬਾਰੇ ਸਚੇਤ ਕਰਨਾ ਹੈ। ਇਹ ਥੀਮ ਇਸ ਗੱਲ ’ਤੇ ਵੀ ਜ਼ੋਰ ਦਿੰਦਾ ਹੈ ਕਿ ਹਾਈਪਰਟੈਂਸ਼ਨ ਨੂੰ ਕਾਬੂ ਕਰਨਾ ਕੇਵਲ ਇੱਕ ਵਿਅਕਤੀ ਦੀ ਨਹੀਂ, ਸਗੋਂ ਮਰੀਜ਼, ਪਰਿਵਾਰ, ਮੈਡੀਕਲ ਪੇਸ਼ੇਵਰਾਂ ਤੇ ਸਿਹਤ ਕਰਮਚਾਰੀਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਕਿਹਾ ਕਿ ਹਾਈਪਰਟੈਂਸ਼ਨ ਅੱਜ ਦੇ ਸਮੇਂ ਦੀ ਸਭ ਤੋਂ ਵੱਡੀਆਂ ਸਿਹਤ ਸਮੱਸਿਆਵਾਂ ਵਿੱਚੋਂ ਇੱਕ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਬੇਤਰਤੀਬ ਜੀਵਨਸ਼ੈਲੀ, ਤਣਾਅ, ਘੱਟ ਸਰੀਰਕ ਕਿਰਿਆਸ਼ੀਲਤਾ ਅਤੇ ਗਲਤ ਖਾਣ-ਪੀਣ ਦੀਆਂ ਆਦਤਾਂ ਕਾਰਨ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਈ ਬਲੱਡ ਪ੍ਰੈਸ਼ਰ ਨੂੰ “ਸਾਇਲੈਂਟ ਕਿਲਰ” ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਲੱਛਣ ਕਈ ਵਾਰ ਸ਼ੁਰੂਆਤੀ ਪੜਾਅ ’ਚ ਸਾਹ-ਮਣੇ ਨਹੀਂ ਆਉਂਦੇ, ਪਰ ਇਹ ਦਿਲ ਦੇ ਦੌਰੇ, ਅਧਰੰਗ, ਗੁਰਦੇ ਦੀਆਂ ਬਿਮਾਰੀਆਂ ਅਤੇ ਅੰਨ੍ਹੇਪਣ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਖ਼ਾਸ ਕਰਕੇ 30 ਸਾਲ ਦੀ ਉਮਰ ਤੋਂ ਬਾਅਦ ਨਿਯਮਿਤ ਤੌਰ ’ਤੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਵਾਉਣ ਦੀ ਅਪੀਲ ਕੀਤੀ।



# ਬਲਾਚੌਰ ਦੇ ਨੋਵਾ ਹਸਪਤਾਲ 'ਚ ਸੈਂਕੜੇ ਮਰੀਜ਼ਾਂ ਨੇ ਲਿਆ ਮੁਫ਼ਤ ਟੈਸਟਾਂ ਤੇ ਦਵਾਈਆਂ ਦਾ ਲਾਹਾ; ਹਰ ਮਹੀਨੇ ਲੱਗਣਗੇ ਅਜਿਹੇ ਕੈਂਪ

**ਨਵਾਂਸ਼ਹਿਰ /ਬਲਾਚੌਰ, 18 ਮਈ (ਜਤਿੰਦਰ ਪਾਲ ਸਿੰਘ ਕਲੇਰ )**ਇਲਾਕਾ ਬਲਾਚੌਰ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਅਤੇ ਗੰਭੀਰ ਬਿਮਾਰੀਆਂ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ, ਸਥਾਨਕ ਚੰਡੀਗੜ੍ਹ ਰੋਡ ਕਮੇਟੀ ਘਰ ਵਿਖੇ ਸਥਿਤ ਨੋਵਾ ਹਸਪਤਾਲ ਵੱਲੋਂ ਇੱਕ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ। ਹਸਪਤਾਲ ਕੰਪਲੈਕਸ ਵਿਖੇ ਇੱਕ ਵਿਸ਼ਾਲ 'ਫ੍ਰੀ ਮੈਡੀਕਲ ਚੈੱਕਅਪ ਕੈਂਪ' ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਪਹੁੰਚ ਕੇ ਆਪਣੀ ਸਿਹਤ ਦੀ ਜਾਂਚ ਕਰਵਾਈ। ਇਸ ਕੈਂਪ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿੱਚ ਆਮ ਤੌਰ 'ਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਅਤੇ ਮਹਿੰਗੇ ਹੋਣ ਵਾਲੇ ਟੈਸਟ ਮਰੀਜ਼ਾਂ ਲਈ ਬਿਲਕੁਲ ਮੁਫ਼ਤ ਕੀਤੇ ਗਏ। ਜਿਨ੍ਹਾਂ ਚ ਜਿਗਰ (ਲੀਵਰ) ਦੀ ਬਿਮਾਰੀ ਦਾ ਮੁਢਲੇ ਪੱਧਰ 'ਤੇ ਪਤਾ ਲਗਾਉਣ ਵਾਲਾ ਇਹ ਮਹਿੰਗਾ ਟੈਸਟ 150 ਮਰੀਜ਼ਾਂ ਦਾ ਬਿਲਕੁਲ ਮੁਫ਼ਤ ਕੀਤਾ ਗਿਆ।ਐਚ.ਬੀ.ਏ.1ਸੀ ਸ਼ੂਗਰ ਟੈਸਟ: ਪਿਛਲੇ ਤਿੰਨ ਮਹੀਨਿਆਂ ਦੀ ਸ਼ੂਗਰ ਦੀ ਔਸਤ ਸਥਿਤੀ ਜਾਣਨ ਲਈ 200 ਮਰੀਜ਼ਾਂ ਦੇ ਸੈਂਪਲ ਲਏ ਗਏ।ਦਿਲ ਦੀਆਂ ਬਿਮਾਰੀਆਂ ਦੀ ਸਹੀ ਜਾਂਚ ਲਈ 210 ਮਰੀਜ਼ਾਂ ਦੀ ਮੁਫ਼ਤ ਈ.ਸੀ.ਜੀ. ਕੀਤੀ ਗਈ। ਲਗਭਗ 250 ਮਰੀਜ਼ਾਂ ਨੂੰ





ਮਾਹਿਰ ਡਾਕਟਰਾਂ ਦੀ ਸਲਾਹ ਅਨੁਸਾਰ 5-5 ਦਿਨਾਂ ਦੀ ਦਵਾਈ ਵੀ ਬਿਲਕੁਲ ਮੁਫ਼ਤ ਦਿੱਤੀ ਗਈਕੈਂਪ ਵਿੱਚ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਲਈ ਹਸਪਤਾਲ ਵੱਲੋਂ ਚਾਹ ਦੇ ਲੰਗਰ ਦਾ ਵਿਸ਼ੇਸ਼ ਇੰਤਜ਼ਾਮ ਵੀ ਕੀਤਾ ਗਿਆ ਸੀ।ਕੈਂਪ ਦੌਰਾਨ ਇਲਾਕੇ ਦੇ ਮੰਨੇ-ਪ੍ਰਮੰਨੇ ਮਾਹਿਰ ਡਾ. ਪੀਯੂਸ਼ ਚੋਪੜਾ ਐਮ.ਡੀ. ਮੈਡੀਸਨ, ਡਾ. ਅੰਕੀਤਾ,ਮਨਮੀਤ ਨਾਗਰਾ, ਨੇ ਮਰੀਜ਼ਾਂ ਦੀ ਬਹੁਤ ਹੀ ਡੂੰਘਾਈ ਅਤੇ ਬਾਰੀਕੀ ਨਾਲ ਜਾਂਚ ਕੀਤੀ। ਇਸ ਦੇ ਨਾਲ ਹੀ ਦੰਦਾਂ ਦੇ ਮਾਹਿਰ ਡਾ ਲਵਜੀਤ ਅਤੇ ਡਾ ਮਨਜਿੰਦਰ ਨੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹਿ ਕੇ 60 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦਾ ਮੁਆਇਨਾ ਕੀਤਾ। ਡਾਕਟਰਾਂ ਦੀ ਟੀਮ ਨੇ ਮਰੀਜ਼ਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ।ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਸ. ਹਰਪ੍ਰੀਤ ਸਿੰਘ ਧਾਮੀ ਨੇ ਦੱਸਿਆ ਕਿ ਇਸ ਕੈਂਪ ਦਾ ਮੁੱਖ ਮਕਸਦ ਲੋਕਾਂ ਨੂੰ ਬਿਮਾਰੀਆਂ ਦੇ ਸ਼ੁਰੂਆਤੀ ਲੱਛਣਾਂ ਪ੍ਰਤੀ ਸੁਚੇਤ ਕਰਨਾ ਹੈ। ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦਾ ਇਲਾਜ ਸੁਖਾਲਾ ਬਣਾਉਣਾ ਅਤੇ ਮਾਨ-ਵਤਾ ਦੀ ਸੇਵਾ ਕਰਨਾ ਹੀ ਨੋਵਾ ਹਸਪਤਾਲ ਦਾ ਮੁੱਖ ਟੀਚਾ ਹੈ। ਉਨ੍ਹਾਂ ਵੱਡਾ ਐਲਾਨ ਕਰਦਿਆਂ ਕਿਹਾ ਕਿ ਹਸਪਤਾਲ ਵੱਲੋਂ ਅਜਿਹੇ ਮੁਫ਼ਤ ਕੈਂਪ ਹਰ ਮਹੀਨੇ ਅਲੱਗ-ਅਲੱਗ ਬਿਮਾਰੀਆਂ ਨਾਲ ਸਬੰਧਤ ਲਗਾਏ ਜਾਣਗੇ ਤਾਂ ਜੋ ਬਲਾਚੌਰ ਹਲਕੇ ਦੇ ਲੋਕਾਂ ਨੂੰ ਘਰ ਬੈਠੇ ਹੀ ਉੱਚ ਪੱਧਰੀ ਸਹੂਲਤਾਂ ਮਿਲ ਸਕਣ। ਇਸ ਮੌਕੇ ਹਸਪਤਾਲ ਪ੍ਰਬੰਧਕਾਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹਸਪਤਾਲ ਵਿਖੇ ਪਹੁੰਚ ਕੇ ਇਨ੍ਹਾਂ ਸੁਵਿਧਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ।

# ਗਰਮੀ ਤੇ ਬਰਸਾਤ ’ਚ ਦੂਸ਼ਿਤ ਪਾਣੀ ਨਾਲ ਫੈਲਦੀਆਂ ਖ਼ਤਰਨਾਕ ਬਿਮਾਰੀਆਂ, ਲੋਕ ਰਹਿਣ ਸਾਵਧਾਨ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

**ਨਵਾਂਸ਼ਹਿਰ, 18 ਮਈ ((ਮਨੋਰੰਜਨ ਕਾਲੀਆ** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੋਮਵਾਰ ਨੂੰ ਵਾਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਅਤੇ ਬਚਾਅ ਸਬੰਧੀ ਇਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਸਿਹਤ ਬਲਾਕ ਬਲਾਚੌਰ, ਸੁੱਜੋਂ ਅਤੇ ਅਰਬਨ ਬੰਗਾ ਦੇ ਸਮੂਹ ਹੈਲਥ ਸੁਪਰਵਾਈਜਰਾਂ, ਐੱਲ.ਐੱਚ.ਵੀਜ਼., ਏ.ਐੱਨ.ਐੱਮਜ਼ ਅਤੇ ਆਸ਼ਾ ਵਰਕਰਾਂ ਨੇ ਭਾਗ ਲਿਆ। ਮੀਟਿੰਗ ਦੌਰਾਨ ਡਾ. ਗੁਰਿੰਦਰਜੀਤ ਸਿੰਘ ਨੇ ਵਾਟਰ ਬੌਰਨ ਡਿਜੀਜ਼ ਕੰਟਰੋਲ ਪ੍ਰੋਗਰਾਮ ਦੇ ਕੰਮਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਗਰਮੀ ਅਤੇ ਬਰਸਾਤ ਦੇ ਮੌਸਮ ਦੌਰਾਨ ਦਸਤ, ਪੇਚਿਸ਼, ਹੈਜਾ, ਮਿਆਦੀ ਬੁਖਾਰ ਅਤੇ ਹੈਪਾਟਾਈਟਿਸ-ਏ/ਈ ਵਰਗੀਆਂ ਬਿਮਾਰੀਆਂ ਦੇ ਫੈਲਣ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਫੀਲਡ ਸਟਾਫ ਨੂੰ ਸਖ਼ਤ ਨਿਗਰਾਨੀ ਰੱਖਣ, ਸ਼ੱਕੀ ਕੇਸਾਂ ਦੀ ਤੁਰੰਤ ਰਿਪੋਰਟਿੰਗ ਯਕੀਨੀ ਬਣਾਉਣ ਅਤੇ ਪ੍ਰਭਾਵਿਤ ਇਲਾਕਿਆਂ ਵਿੱਚ ਤੁਰੰਤ ਰੋਕਥਾਮੀ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਪੀਣ ਵਾਲੇ ਪਾਣੀ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਪਾਣੀ ਦੇ ਸਰੋਤਾਂ ਦੀ ਨਿਯਮਿਤ ਜਾਂਚ ਅਤੇ ਕਲੋਰੀਨੇਸ਼ਨ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਨਾਲ ਹੀ ਲੋਕਾਂ ਨੂੰ



ਸਾਫ ਅਤੇ ਉਬਾਲਿਆ ਹੋਇਆ ਪਾਣੀ ਵਰਤਣ, ਖਾਣ-ਪੀਣ ਵਿੱਚ ਸਫਾਈ ਰੱਖਣ ਅਤੇ ਵਾਟਰ ਬੌਰਨ ਬਿਮਾਰੀਆਂ ਦੇ ਲੱਛਣ ਦਿਖਾਈ ਦੇਣ ’ਤੇ ਤੁਰੰਤ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਨ ਲਈ ਜਾਗਰੂਕ ਕਰਨ ਦੇ ਆਦੇਸ਼ ਦਿੱਤੇ ਗਏ। ਡਾ. ਗੁਰਿੰਦਰਜੀਤ ਸਿੰਘ ਨੇ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਲੋੜੀਂਦੀਆਂ ਦਵਾਈਆਂ, ਓ.ਆਰ.ਐੱਸ. ਪੈਕਟ, ਕਲੋਰੀਨ ਟੈਬਲੈਟਾਂ ਅਤੇ ਹੋਰ ਜ਼ਰੂਰੀ ਸਮੱਗਰੀ ਦੀ ਕੋਈ ਘਾਟ ਨਾ ਰਹੇ। ਕਿਸੇ ਵੀ ਵਾਟਰ ਬੌਰਨ ਬਿਮਾਰੀ ਦੇ ਕੇਸ ਜਾਂ ਆਊਟਬ੍ਰੇਕ ਦੀ ਸੂਚਨਾ ਤੁਰੰਤ ਆਈ.ਡੀ.ਐੱਸ.ਪੀ. ਯੂਨਿਟ ਨੂੰ ਭੇਜਣ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ ਤਾਂ ਜੋ ਸਮੇਂ ਸਿਰ ਰੋਕਥਾਮੀ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਅਰਬਨ ਖੇਤਰਾਂ ਵਿੱਚ ਹਰ ਹਫਤੇ ਹਰ ਮੁਹੱਲੇ ਵਿੱਚ ਪੰਜ ਐੱਚ2ਐੱਸ ਸੈਂਪਲ ਲੈ ਕੇ ਉਸਦੀ ਰਿਪੋਰਟ ਦਫਤਰ ਨੂੰ ਭੇਜਣ ਲਈ ਵੀ ਕਿਹਾ। ਇਸ ਤੋਂ ਇਲਾਵਾ ਵਾਟਰ ਲੌਗਿੰਗ, ਸੀਵਰੇਜ ਓਵਰਫਲੋ, ਬਲੌਕੇਜ ਜਾਂ ਪਾਣੀ ਦੇ ਦੂਸ਼ਿਤ ਹੋਣ ਸਬੰਧੀ ਮਾਮਲਿਆਂ ਦੀ ਤੁਰੰਤ ਸੂਚਨਾ ਦੇ ਕੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਰਾਹੀਂ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਜ਼ਿਲ੍ਹਾ ਐਪੀਡੀਮੋਲੋਜਿਸਟ (ਆਈ.ਡੀ.ਐੱਸ.ਪੀ.) ਸ਼੍ਰੀਮਤੀ ਸ਼ਿਆਮਾਵੇਦਾ ਦੇਵੀ ਨੇ ਮੀਟਿੰਗ ਦੌਰਾਨ ਲੋਕਾਂ ਨੂੰ ਵਾਟਰ ਬੌਰਨ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕਰਨ ਦੀ ਲੋੜ ’ਤੇ ਵੀ ਜ਼ੋਰ ਦਿੱਤਾ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਪੀਣ ਵਾਲਾ ਪਾਣੀ ਹਮੇਸ਼ਾਂ ਸਾਫ ਅਤੇ ਢੱਕ ਕੇ ਰੱਖਿਆ ਜਾਵੇ ਅਤੇ ਪਾਣੀ ਵਾਲੇ ਭਾਂਡਿਆਂ ਵਿੱਚ ਹੱਥ ਨਾ ਪਾਇਆ ਜਾਵੇ। ਘਰਾਂ ਅਤੇ ਆਲੇ-ਦੁਆਲੇ ਦੀ ਸਾਫ-ਸਫਾਈ ਬਣਾਈ ਰੱਖਣ, ਖੁੱਲ੍ਹੇ ਵਿੱਚ ਪਖਾਨਾ ਨਾ ਕਰਨ ਅਤੇ ਖਾਣਾ ਖਾਣ ਤੋਂ ਪਹਿਲਾਂ ਅਤੇ ਪਖਾਨਾ ਜਾਣ ਤੋਂ ਬਾਅਦ ਸਾਬਣ ਨਾਲ ਹੱਥ ਧੋਣ ਦੀ ਆਦਤ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਕੱਟੇ ਹੋਏ ਫਲਾਂ ਅਤੇ ਬਾਹਰਲੇ ਖਾਣੇ ਤੋਂ ਪ੍ਰਹੇਜ਼ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਫ ਪਾਣੀ, ਸਫਾਈ ਅਤੇ ਸਾਵਧਾਨੀ ਹੀ ਵਾਟਰ ਬੌਰਨ ਬਿਮਾਰੀਆਂ ਤੋਂ ਬਚਾਅ ਦਾ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਹੈ। ਇਸ ਮੌਕੇ ਹੈਲਥ ਇੰਸਪੈਕਟਰ ਰਾਜੀਵ ਕੁਮਾਰ, ਜੋਗਿੰਦਰਪਾਲ ਸਿੰਘ ਅਤੇ ਡੀ.ਈ.ਓ. ਸੁਨੀਤਾ, ਸਾਹਿਲ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

# ਬਾਪੂ ਤਰਸੇਮ ਸਿੰਘ ਦੀ ਅਗਵਾਈ ਹੇਠ ਮੋਗਾ ਵਿਖੇ ਐਸ ਸੀ ਭਾਈਚਾਰੇ ਦੀ ਅਹਿਮ ਮੀਟਿੰਗ

## ਸਿਆਸੀ ਸਿਸਟਮ ਕਰਕੇ ਨਾ ਚਾਹੁੰਦਿਆਂ ਵੀ ਐਸ ਸੀ ਵਿੰਗ ਦਾ ਗਠਨ ਕਰਨਾ ਪੈ ਰਿਹਾ ਹੈ.ਬਾਪੂ ਤਰਸੇਮ ਸਿੰਘ

**ਚੰਡੀਗੜ੍ਹ (ਗੁਰਭਿੰਦਰ ਗੁਰੀ)** ਐਸ ਸੀ ਵਿੰਗ ਦੇ ਗਠਨ ਅਤੇ ਐਸ ਸੀ ਸਮਾਜ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਭਾਈਚਾਰੇ ਦੀ ਮੀਟਿੰਗ ਵਿੱਚ ਪੰਜਾਬ ਭਰ ਤੋਂ ਆਏ ਐਸ ਸੀ ਸਮਾਜ ਦੇ ਆਗੂਆਂ ਹਰਜੀਤ ਸਿੰਘ ਰਾਏਕੋਟ, ਮਹਿਲ ਕਲਾਂ ਤੋਂ ਅਵਤਾਰ ਸਿੰਘ ਰਾਏਸਰ,ਪੂਰਨ ਸਿੰਘ ਗੰਡੇਵਾਲ, ਗੁਰਮੀਤ ਸਿੰਘ ਮਾਹਮਦਪੁਰ, ਗੁਰਮੇਲ ਸਿੰਘ ਬਰਨਾਲਾ,ਜੱਗੀ ਬਾਬਾ ਅਸਪਾਲ ਕਲਾਂ, ਭਦੌੜ, ਤੋਂ ਇਲਾਵਾ ਵੱਡੀ ਗਿਣਤੀ ਆਗੂ ਹਾਜ਼ਰ ਸਨ। ਇਸ ਸਮੇਂ ਪ੍ਰਧਾਨਗੀ ਮੰਡਲ ਵਿਚ ਜਸਕਰਨ ਸਿੰਘ ਕਾਹਨ ਸਿੰਘ ਵਾਲਾ,ਲੱਖਾ ਸਿਧਾਣਾ, ਸੰਦੀਪ ਸਿੰਘ ਸਿੱਧੂ,ਵੰਨਚਿੜੀ ਅਤੇ ਪਾਰਟੀ ਦੇ ਆਗੂ ਰਛਪਾਲ ਸਿੰਘ ਸੋਹਲ ਵੀ ਹਾਜ਼ਰ ਸਨ। ਬਾਪੂ ਤਰਸੇਮ ਸਿੰਘ ਨੇ ਕਿਹਾ ਅਸੀਂ , ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼," ਮਾਨੁਸ਼ ਕੀ ਜਾਤ ਸਭੈ ਏਕ ਪਹਿਚਾਨਵੋ ਦੇ ਅਨੁਸਾਰ ਸਭ ਨੂੰ ਜਾਤ ਪਾਤ ਤੋਂ ਉਪਰ ਉਠ ਕੇ ਬਰਾਬਰ ਸਮਝਦੇ ਹਾਂ, ਪਰ ਆਪਣੇ ਸਿਆਸੀ ਸਿਸਟਮ ਕਰਕੇ ਨਾ ਚਾਹੁੰਦਿਆਂ ਵੀ ਐਸ ਸੀ ਵਿੰਗ ਦਾ ਗਠਨ ਕਰਨਾ ਪੈ ਰਿਹਾ ਹੈ। ਮਰਹੂਮ ਦੀਪ ਸਿੱਧੂ ਦੇ ਭਰਾ ਸੰਦੀਪ ਸਿੰਘ ਸਿੱਧੂ ਨੇ ਕਿਹਾ ਆਉਣ ਵਾਲੇ ਸਮੇਂ ਵਿੱਚ ਬਹੁਤ ਜਲਦੀ ਐਸ ਸੀ ਵਿੰਗ ਦੇ ਪੰਜਾਬ ਪ੍ਰਧਾਨ ਦੀ ਚੋਣ



ਸਮੇਤ ਬਾਕੀ ਨਿਯੁਕਤੀਆਂ ਦਾ ਐਲਾਨ ਕੀਤਾ ਜਾਵੇਗਾ।ਸ੍ਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਤੁਹਾਡੇ ਕੀਮਤੀ ਸੁਝਾਅ ਅਸੀਂ ਨੋਟ ਕਰ ਲਏ ਹਨ ਇਹਨਾਂ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਰੱਖਿਆ ਜਾਵੇਗਾ। ਇਸ ਸਮੇਂ ਲੱਖਾ ਸਿਧਾਣਾ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਪੈਸੇ ਦੇ ਜ਼ੋਰ ਤੇ ਐਸ ਸੀ ਭਾਈਚਾਰੇ ਨੂੰ ਆਪਣੇ ਨਾਲ ਜੋੜਨਾ ਚਾਹੁੰਦੀ ਹੈ ਪਰ ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਜਿੱਥੇ ਜਿੱਥੇ ਭਾਜਪਾ ਸਰਕਾਰ ਹੈ ਉੱਥੇ ਹੀ ਦਲਿਤਾਂ ਨੂੰ,ਘੋੜੀ ਚੜ੍ਹਨ ਤੋਂ ਰੋਕਿਆ ਜਾਂਦਾ ਹੈ, ਜੁੱਤੀ ਵਿੱਚ ਪਾਣੀ ਪੀਣ ਲਈ ਮਜਬੂਰ ਕੀਤਾ ਜਾਂਦਾ ਹੈ, ਔਰਤਾਂ ਨੂੰ ਸ਼ਰੇਆਮ ਨੰਗੀਆਂ ਕਰਕੇ ਸੜਕਾਂ ਤੇ ਘੁੰਮਾਇਆ ਜਾਂਦਾ ਹੈ,ਇਹ ਸਭ ਉਸ ਆਰ ਐਸ ਐਸ ਦੇ ਇਸ਼ਾਰੇ ਤੇ ਹੁੰਦਾ ਹੈ ਜਿਸਦੇ ਮੰਨੂ ਸਿਮਰਤੀ ਵਿੱਚ ਲਿਖਿਆ ਹੈ ਕਿ ਦਲਿਤ ਸਮਾਜ ਉੱਚ ਵਰਗ ਦੀ ਸੇਵਾ ਲਈ ਬਣਿਆ ਹੈ, ਇਸਦੇ ਪਰਛਾਵੇਂ ਨਾਲ ਉੱਚ ਵਰਗ ਭਿੱਟਿਆ ਜਾਂਦਾ ਹੈ।ਸੋ ਐਸ ਸੀ ਭਾਈਚਾਰੇ ਨੂੰ ਪਿੰਡ ਪਿੰਡ ਜਾ ਕੇ ਇਸ ਪੱਖੋਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

# ਏਅਰ ਇੰਡੀਆ ਐਕਸਪ੍ਰੈੱਸ ਅਤੇ ਇੰਡੀਗੋ ਵੱਲੋਂ ਅੰਮ੍ਰਿਤਸਰ ਤੋਂ ਸ਼ਾਰਜਾਹ ਤੇ ਦੁਬਈ ਦੀਆਂ ਉਡਾਣਾਂ ਬਹਾਲ

## ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵੱਲੋਂ ਹਵਾਈ ਅੱਡੇ ਲਈ ਸਰਕਾਰੀ ਬੱਸ ਸੇਵਾ ਸ਼ੁਰੂ ਕਰਨ ਦੀ ਮੰਗ

**ਮਈ 18, 2026:** ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਅਤੇ ਸੰਯੁਕਤ ਅਰਬ ਅਮੀਰਾਤ ਦੇ ਮੁੱਖ ਸ਼ਹਿਰਾਂ ਵਿਚਕਾਰ ਸਿੱਧੀਆਂ ਹਵਾਈ ਉਡਾਣਾਂ ਦੇ ਦੁਬਾਰਾ ਬਹਾਲ ਹੋਣ ਦਾ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਮਾਰਚ ਮਹੀਨੇ ਮੱਧ ਪੂਰਬ ਦੇ ਵੱਖ-ਵੱਖ ਮੁਲਕਾਂ ਵਿੱਚ ਵਧੇ ਤਣਾਅ ਅਤੇ ਹਵਾਈ ਖੇਤਰ ਦੇ ਬੰਦ ਹੋਣ ਕਾਰਨ ਇਹ ਉਡਾਣਾਂ ਪ੍ਰਭਾਵਿਤ ਹੋਈਆਂ ਸਨ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਹਵਾਈ ਖੇਤਰ ਵਿੱਚ ਸਥਿਰਤਾ ਆਉਣ ਤੋਂ ਬਾਅਦ ਅੰਤਰਰਾਸ਼ਟਰੀ ਹਵਾਈ ਕੰਪਨੀਆਂ ਆਪਣੀ ਸਮਾਂ-ਸੂਚੀ ਨੂੰ ਮੁੜ ਬਹਾਲ ਕਰ ਰਹੀਆਂ ਹਨ। ਏਅਰ ਇੰਡੀਆ ਐਕਸਪ੍ਰੈੱਸ ਨੇ ਅਪ੍ਰੈਲ ਵਿੱਚ ਅੰਮ੍ਰਿਤਸਰ-ਸ਼ਾਰਜਾਹ ਉਡਾਣਾਂ ਸ਼ੁਰੂ ਕਰਨ ਤੋਂ ਬਾਅਦ, ਹੁਣ 16 ਮਈ ਤੋਂ ਰੋਜ਼ਾਨਾ ਅੰਮ੍ਰਿਤਸਰ-ਦੁਬਈ ਉਡਾਣ ਵੀ ਮੁੜ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ, ਇੰਡੀਗੋ ਏਅਰਲਾਈਨ ਵੀ 20 ਮਈ ਤੋਂ ਅੰਮ੍ਰਿਤਸਰ-ਸ਼ਾਰਜਾਹ ਉਡਾਣਾਂ ਦੁਬਾਰਾ ਸ਼ੁਰੂ ਕਰਨ ਜਾ ਰਹੀ ਹੈ।

ਏਅਰ ਇੰਡੀਆ ਐਕਸਪ੍ਰੈੱਸ ਦੀ ਰੋਜ਼ਾਨਾ ਉਡਾਣ ਅੰਮ੍ਰਿਤਸਰ ਤੋਂ ਰਾਤ 02:20 ਵਜੇ ਰਵਾਨਾ ਹੋ ਕੇ ਸਵੇਰੇ 4:55 ਵਜੇ ਦੁਬਈ ਪਹੁੰਚਦੀ ਹੈ, ਅਤੇ ਵਾਪਸੀ 'ਤੇ ਦੁਬਈ ਤੋਂ ਸਵੇਰੇ 05:55 ਵਜੇ ਰਵਾਨਾ ਹੋ ਕੇ ਸਵੇਰੇ 11:40 ਵਜੇ ਅੰਮ੍ਰਿਤਸਰ ਉਤਰਦੀ ਹੈ। ਸ਼ਾਰਜਾਹ ਲਈ ਇੰਡੀਗੋ ਦੀ ਉਡਾਣ ਅੰਮ੍ਰਿਤਸਰ ਤੋਂ ਦੁਪਹਿਰ 12:15 ਵਜੇ ਰਵਾਨਾ ਹੋ ਕੇ 2:40 ਵਜੇ ਸ਼ਾਰਜਾਹ ਪਹੁੰਚੇਗੀ, ਜਦਕਿ ਏਅਰ ਇੰਡੀਆ ਐਕਸਪ੍ਰੈੱਸ ਦੁਪਹਿਰੇ 1:15 ਵਜੇ ਰਵਾਨਾ ਹੋ ਕੇ ਸ਼ਾਮ 4:05 ਵਜੇ ਸ਼ਾਰਜਾਹ ਪਹੁੰਚਦੀ ਹੈ। ਇਹਨਾਂ ਦੋਵਾਂ ਦੀ ਵਾਪਸੀ ਸ਼ਾਰਜਾਹ ਤੋਂ ਸ਼ਾਮੀਂ 5:05 ਵਜੇ ਦੀ ਹੈ, ਜੋ ਰਾਤ ਨੂੰ ਕ੍ਰਮਵਾਰ 10:45 ਅਤੇ 10:30 ਵਜੇ ਅੰਮ੍ਰਿਤਸਰ ਪਹੁੰਚਦੀਆਂ ਹਨ। ਗੁਮਟਾਲਾ ਨੇ ਇਸ ਨੂੰ ਪੰਜਾਬੀ ਪ੍ਰਵਾਸੀਆਂ, ਕਾਮਿਆਂ ਅਤੇ ਸੈਲਾਨੀਆਂ ਲਈ ਇੱਕ ਅਹਿਮ ਕਦਮ ਦੱਸਿਆ। ਉਹਨਾਂ ਕਿਹਾ, "ਦੁਬਈ ਅਤੇ ਸ਼ਾਰਜਾਹ ਦੇ ਰੂਟ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਟ੍ਰੈਫਿਕ ਦੀ ਰੀੜ੍ਹ ਦੀ ਹੱਡੀ ਹਨ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਹੁਣ ਸਥਿਤੀ ਸਥਿਰ ਰਹੇਗੀ।"



SameepSinghGumtala- Global Convener - FlyAmritsar Initiative

ਹਾਲਾਂਕਿ, ਇਨੀਸ਼ੀਏਟਿਵ ਨੇ ਚਿੰਤਾ ਜ਼ਾਹਰ ਕੀਤੀ ਕਿ ਸਪਾਈਸਜੈੱਟ ਦੀਆਂ ਦੁਬਈ ਉਡਾਣਾਂ ਏਅਰਲਾਈਨ ਦੀ ਵੈਬਸਾਈਟ 'ਤੇ ਅਗਸਤ ਤੱਕ ਬੁਕਿੰਗ ਲਈ ਉਪਲਬਧ ਨਹੀਂ ਹਨ। ਗੁਮਟਾਲਾ ਨੇ ਦੱਸਿਆ ਕਿ ਅੰਮ੍ਰਿਤਸਰ ਤੋਂ ਲੰਮੇ ਸਮੇਂ ਤੋਂ ਦੁਬਈ ਅਤੇ ਸ਼ਾਰਜਾਹ ਲਈ ਰੋਜ਼ਾਨਾ ਦੋ-ਦੋ ਉਡਾਣਾਂ ਸਫਲਤਾਪੂਰਵਕ ਚੱਲ ਰਹੀਆਂ ਸਨ। ਉਹਨਾਂ ਅਪੀਲ ਕੀਤੀ ਕਿ ਜੇਕਰ ਸਪਾਈਸਜੈੱਟ ਇਹ ਸੇਵਾ ਜਲਦ ਬਹਾਲ ਨਹੀਂ ਕਰਦੀ, ਤਾਂ ਇੰਡੀਗੋ ਜਾਂ ਹੋਰ ਭਾਰਤੀ ਏਅਰਲਾਈਨ ਨੂੰ ਇਸ ਘਾਟ ਨੂੰ ਪੂਰਾ ਕਰਨ ਲਈ ਨਵੀਆਂ ਉਡਾਣਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।

ਹਵਾਈ ਸੰਪਰਕ ਬਹਾਲ ਹੋਣ ਦਾ ਸਵਾਗਤ ਕਰਦਿਆਂ ਗੁਮਟਾਲਾ ਨੇ ਪੰਜਾਬ ਸਰਕਾਰ ਵੱਲੋਂ ਹਵਾਈ ਅੱਡੇ ਲਈ ਸਿੱਧੀ ਬੱਸ ਸੇਵਾ ਨਾ ਦੇਣ ਦੀ ਸਖ਼ਤ ਨਿਖੇਧੀ ਕੀਤੀ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਹਵਾਈ ਅੱਡਾ ਹਰ ਮਹੀਨੇ 2.5 ਤੋਂ 3.0 ਲੱਖ ਦੀ ਯਾਤਰੀ ਆਵਾਜਾਈ ਦਰਜ ਕਰ ਰਿਹਾ ਹੈ, ਫਿਰ ਵੀ ਇੱਥੇ ਸਰਕਾਰੀ ਬੱਸ ਸੇਵਾ ਦੀ ਘਾਟ ਹੈ।

ਗੁਮਟਾਲਾ ਨੇ ਕਿਹਾ, "ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਰਾਜ ਸਰਕਾਰ ਦਿੱਲੀ ਹਵਾਈ ਅੱਡੇ ਲਈ ਤਾਂ ਲਗਜ਼ਰੀ ਵੋਲਵੋ ਬੱਸਾਂ ਅਤੇ ਹੈਲਪ ਡੈਸਕ ਮੁਹੱਈਆ ਕਰਵਾ ਰਹੀ ਹੈ, ਪਰ ਅੰਮ੍ਰਿਤਸਰ ਹਵਾਈ ਅੱਡੇ ਦੇ ਰੋਜ਼ਾਨਾ 10,000 ਮੁਸਾਫ਼ਰਾਂ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਰਹੀ ਹੈ। ਅੰਮ੍ਰਿਤਸਰ ਹਵਾਈ ਅੱਡਾ ਅਜੇ ਵੀ ਸੂਬੇ ਦੇ ਸਰਕਾਰੀ ਇੰਟਰਸਿਟੀ ਬੱਸ ਸੇਵਾ ਨਾਲ ਨਹੀਂ ਜੁੜਿਆ ਹੋਇਆ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਸੂਬੇ ਦੇ ਵੱਖ-ਵੱਖ ਸ਼ਹਿਰਾਂ ਤੋਂ ਹਵਾਈ ਅੱਡੇ ਲਈ ਤੁਰੰਤ ਬੱਸ ਸੇਵਾਵਾਂ ਸ਼ੁਰੂ ਕੀਤੀਆਂ ਜਾਣ ਤਾਂ ਜੋ ਮੁਸਾਫ਼ਰਾਂ ਦਾ ਸਫ਼ਰ ਸਸਤਾ ਅਤੇ ਸੁਖਾਲਾ ਹੋ ਸਕੇ।"

# 'ਆਪ' ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਪੰਜਾਬ 'ਚ ਐਸਆਈਆਰ 'ਤੇ ਚਿੰਤਾ ਪ੍ਰਗਟਾਈ

## ਕਿਹਾ– ਬਿਹਾਰ, ਬੰਗਾਲ ਨੂੰ ਇੱਥੇ ਦੁਹਰਾਉਣ ਨਹੀਂ ਦੇਵਾਂਗੇ

**(ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਵਿਸ਼ੇਸ਼ ਗਹਿਣ ਨਿਰੀਖਣ ਪ੍ਰਕਿਰਿਆ ਨੂੰ ਲੈ ਕੇ ਮੁੱਖ ਚੋਣ ਕਮਿਸ਼ਨਰ ਨੂੰ ਇਕ ਵਿਸਥਾਰਤ ਪੱਤਰ ਲਿਖ ਕੇ ਪੰਜਾਬ ਦੇ ਐੱਨਆਰਆਈ ਵੋਟਰਾਂ ਲਈ ਵਿਸ਼ੇਸ਼ ਪ੍ਰਬੰਧ ਕਰਨ ਦੀ ਮੰਗ ਉਠਾਈ ਹੈ। ਸੰਸਦ ਮੈਂਬਰ ਨੇ ਕਿਹਾ ਕਿ ਮੌਜੂਦਾ ਪ੍ਰਕਿਰਿਆ ਕਾਰਨ ਵਿਦੇਸ਼ਾਂ 'ਚ ਰਹਿ ਰਹੇ ਲੱਖਾਂ ਅਸਲੀ ਪੰਜਾਬੀ ਵੋਟਰਾਂ ਦੇ ਨਾਮ ਵੋਟਰ ਸੂਚੀ 'ਚੋਂ ਕੱਟੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਮਾਲਵਿੰਦਰ ਸਿੰਘ ਕੰਗ ਨੇ ਆਪਣੇ ਪੱਤਰ 'ਚ ਕਿਹਾ ਕਿ ਪੰਜਾਬ ਦਾ ਪ੍ਰਵਾਸੀ ਭਾਈਚਾਰਾ ਕੇਵਲ ਵਿਦੇਸ਼ਾਂ 'ਚ ਰਹਿਣ ਵਾਲਾ ਸਮਾਜ ਨਹੀਂ, ਬਲਕਿ ਸੂਬੇ ਦੀ ਸੱਭਿਆਚਾਰਕ ਪਛਾਣ ਤੇ ਆਰਥਿਕ ਮਜ਼ਬੂਤੀ ਦਾ ਮਹੱਤਵਪੂਰਨ ਹਿੱਸਾ ਹੈ।ਉਨ੍ਹਾਂ ਕਿਹਾ ਕਿ ਕੈਨੇਡਾ, ਯੂਨਾਈਟਿਡ ਕਿੰਗਡਮ, ਆਸਟ, ਰੇਲੀਆ, ਸੰਯੁਕਤ ਰਾਜ ਅਮਰੀਕਾ, ਇਟਲੀ ਤੇ ਖਾੜੀ ਦੇਸ਼ਾਂ 'ਚ ਵਸੇ ਪੰਜਾਬੀ ਲਗਾਤਾਰ ਆਪਣੀ ਮਾਤਭੂਮੀ ਨਾਲ ਜੁੜੇ ਹੋਏ ਹਨ। ਉਹ ਪੰਜਾਬ 'ਚ ਨਿਵੇਸ਼ ਕਰਦੇ ਹਨ, ਪਰਿਵਾਰਕ ਜਾਇਦਾਦਾਂ ਦੀ ਦੇਖਭਾਲ ਕਰਦੇ ਹਨ ਤੇ ਵੱਡੀ ਮਾਤਰਾ 'ਚ ਪੈਸਾ ਭੇਜਦੇ ਹਨ, ਜਿਸ ਨਾਲ ਸੂਬੇ ਦੀ ਅਰਥਵਿਵਸਥਾ ਨੂੰ ਮਜ਼ਬੂਤੀ ਮਿਲਦੀ ਹੈ ਸੰਸਦ ਮੈਂਬਰ ਨੇ ਕਿਹਾ ਕਿ ਐਸਆਰਆਈ ਦਾ ਉਦੇਸ਼ ਵੋਟਰ ਸੂਚੀਆਂ ਨੂੰ ਨੁਕਸ-ਰਹਿਤ ਬਣਾਉਣਾ ਹੈ ਪਰ ਇਸਦੀ ਸਖ਼ਤ ਸਮਾਂ ਸੀਮਾ ਤੇ ਪ੍ਰਕਿਰਿਆ ਅਸਲੀ ਵੋਟਰਾਂ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਵਿਦੇਸ਼ਾਂ 'ਚ ਰਹਿਣ ਵਾਲੇ ਲੋਕਾਂ ਲਈ ਨਿੱਜੀ ਤੌਰ 'ਤੇ ਵੈਰੀਫਿਕੇਸ਼ਨ ਲਈ ਹਾਜ਼ਰ ਹੋਣਾ ਬੇਹੱਦ ਮੁਸ਼ਕਲ ਹੈ, ਕਿਉਂਕਿ ਉਹ ਨੌਕਰੀ, ਕਾਰੋਬਾਰ ਤੇ ਲੰਬੀ ਦੂਰੀ ਵਰਗੀਆਂ ਵਿਹਾਰਕ ਸਮੱਸਿਆਵਾਂ ਨਾਲ ਜੁੜੇ ਹੁੰਦੇ ਹਨ। ਪੱਤਰ 'ਚ ਉਨ੍ਹਾਂ ਕਿਹਾ ਕਿ ਕਈ ਐੱਨਆਰਆਈ ਪਰਿਵਾਰ ਸਾਲਾਂ ਤੇ ਦਹਾਕਿਆਂ ਤੋਂ ਪੰਜਾਬ ਵਿੱਚ ਕਾਨੂੰਨੀ ਵੋਟਰ ਵਜੋਂ ਰਜਿਸਟਰਡ ਹਨ। ਅਜਿਹੇ 'ਚ ਕੇਵਲ ਪ੍ਰਕਿਰਿਆ ਸੰਬੰਧੀ ਮੁਸ਼ਕਲਾਂ ਕਾਰਨ ਉਨ੍ਹਾਂ ਦੇ ਨਾਮ ਹਟਾਉਣਾ ਲੋਕਤੰਤਰੀ ਅਧਿਕਾਰਾਂ ਦਾ ਘਾਣ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦਾ ਲੋਕਤੰਤਰ ਸਭ ਨੂੰ ਨਾਲ ਲੈ ਕੇ ਚੱਲਣ ਦੀ ਭਾਵਨਾ 'ਤੇ ਅਧਾਰਤ ਹੈ ਅਤੇ ਕਿਸੇ ਵੀ ਅਸਲੀ ਨਾਗਰਿਕ ਨੂੰ ਉਸਦੇ ਵੋਟ ਦੇ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾਣਾ ਚਾਹੀਦਾ।



ਹਰਸਿਮਰਨ ਜੋਤ ਸਿੰਘ ਕਲੇਰ

ਮਾਲਵਿੰਦਰ ਸਿੰਘ ਕੰਗ ਨੇ ਚੋਣ ਕਮਿਸ਼ਨ ਤੋਂ ਕਈ ਮਹੱਤਵਪੂਰਨ ਮੰਗਾਂ ਵੀ ਰੱਖੀਆਂ। ਉਨ੍ਹਾਂ ਨੇ ਕਾਨੂੰਨੀ ਵੋਟਰ ਆਈਡੀ ਕਾਰਡ ਰੱਖਣ ਵਾਲੇ ਵਿਦੇਸ਼ੀ ਵੋਟਰਾਂ ਲਈ ਆਨਲਾਈਨ ਤੇ ਡਿਜੀਟਲ ਵੈਰੀਫਿਕੇਸ਼ਨ ਦੀ ਸੁਵਿਧਾ ਸ਼ੁਰੂ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਦਸਤਾਵੇਜ਼ ਜਮ ?ਹਾਂ ਕਰਵਾਉਣ ਲਈ ਵਧੇਰੇ ਲਚਕਦਾਰ ਸਮਾਂ-ਸੀਮਾ ਤੈਅ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਸੁਝਾਅ ਦਿੱਤਾ ਕਿ ਦੁਨੀਆ ਭਰ 'ਚ ਭਾਰਤੀ ਦੂਤਾਵਾਸਾਂ ਤੇ ਕੌਂਸਲੇਟਾਂ ਦੇ ਮਾਧਿਅਮ ਰਾਹੀਂ ਵੈਰੀਫਿਕੇਸ਼ਨ ਤੇ ਦਸਤਾਵੇਜ਼ਾਂ ਦੀ ਤਸਦੀਕ ਦਾ ਪ੍ਰਬੰਧ ਕੀਤਾ ਜਾਵੇ। ਨਾਲ ਹੀ ਐੱਨਆਰਆਈ ਵੋਟਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਸ਼ੇਸ਼ ਸ਼ਿਕਾਇਤ ਨਿਵਾਰਨ ਕੇਂਦਰ ਸਥਾਪਿਤ ਕਰਨ ਦੀ ਵੀ ਮੰਗ ਰੱਖੀ। ਸੰਸਦ ਮੈਂਬਰ ਨੇ ਇਹ ਵੀ ਕਿਹਾ ਕਿ ਆਰਜ਼ੀ ਤੌਰ 'ਤੇ ਵਿਦੇਸ਼ 'ਚ ਰਹਿਣ ਵਾਲੇ ਲੰਬੇ ਸਮੇਂ ਤੋਂ ਰਜਿਸਟਰਡ ਵੋਟਰਾਂ ਦੇ ਨਾਮ ਵੋਟਰ ਸੂਚੀ 'ਚੋਂ ਹਟਣ ਤੋਂ ਬਚਾਉਣ ਲਈ ਸਪੱਸ਼ਟ ਸੁਰੱਖਿਆ ਪ੍ਰਬੰਧ ਬਣਾਏ ਜਾਣੇ ਚਾਹੀਦੇ ਹਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਚੋਣ ਕਮਿਸ਼ਨ ਇਨ੍ਹਾਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹਾਂ-ਪੱਖੀ ਕਦਮ ਚੁੱਕੇਗਾ। ਪੱਤਰ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਦਾ ਪਰਵਾਸੀ ਭਾਈਚਾਰਾ ਹਮੇਸ਼ਾ ਸੂਬੇ ਤੇ ਦੇਸ਼ ਦੀ ਮਜ਼ਬੂਤੀ ਦਾ ਥੰਮ ?ਹ ਰਿਹਾ ਹੈ। ਅਜਿਹੇ ਵਿੱਚ ਉਨ੍ਹਾਂ ਦੇ ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਕਰਨਾ ਵੀ ਓਨਾ ਹੀ ਜ਼ਰੂਰੀ ਹੈ।

for more news visit: www.samajweekly.com

# ਸਾਹਿਤ ਜਾਗਰਤੀ ਸਭਾ ਬਠਿੰਡਾ ਵੱਲੋਂ ਦੋ ਕਿਤਾਬਾਂ ਰਿਲੀਜ ਅਤੇ ਸਨਮਾਨ ਸਮਾਰੋਹ









**ਬਠਿੰਡਾ (ਰਮੇਸ਼ਵਰ ਸਿੰਘ)** ਕੱਲ੍ਹ ਲੰਘੇ ਐਤਵਾਰ ਰੈੱਡ ਕਰਾਸ ਭਵਨ ਬਠਿੰਡਾ ਵਿਖੇ, ਸਾਹਿਤ ਜਾਗ੍ਰਿਤੀ ਸਭਾ ਰਜਿਸਟਰਡ ਬਠਿੰਡਾ ਵੱਲੋਂ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਅਤੇ 'ਪੁੰਗਰਦੇ ਹਰਫ਼ ' ਮੈਗਜ਼ੀਨ ਜੋ ਕਿ ਉੱਘੇ ਸ਼ਾਇਰ ਅਮਨਬੀਰ ਸਿੰਘ ਧਾਮੀ ਵੱਲੋਂ ਸੰਪਾਦਿਤ ਕੀਤਾ ਜਾਂਦਾ ਹੈ ਵੀ ਲੋਕ ਅਰਪਣ ਕੀਤਾ ਗਿਆ।

ਪਹਿਲੀ ਕਿਤਾਬ ਪੰਜਾਬੀ ਸਾਹਿਤ ਅਕਾਦਮੀ ਦੀ ਮੀਤ ਪ੍ਰਧਾਨ ਡਾਕਟਰ ਗੁਰਚਰਨ ਕੌਰ ਕੋਛੜ ਦੀ ਗ਼ਜ਼ਲਾਂ ਸੀ। ਜਿਸ ਨੂੰ ਪੰਜਾਬੀ ਦੇ ਉੱਘੇ ਸ਼ਾਇਰ ਅਮਰਜੀਤ ਸਿੰਘ ਜੀਤ ਨੇ ਸ਼ਾਹਮੁਖੀ ਭਾਸ਼ਾ ਵਿੱਚ ਰੂਪਾਂਤਰਨ ਕੀਤਾ ਸੀ।

ਇਸ ਕਿਤਾਬ ਦੇ ਉੱਤੇ ਪੰਜਾਬੀ ਦੇ ਉੱਘੇ ਆਲੋਚਕ ਗੁਰਦੇਵ ਖੋਖਰ ਜੀ ਨੇ ਤੇ ਪੰਜਾਬੀ ਆਲੋਚਨਾ ਦੇ ਨਵੇਂ ਹਸਤਾਖ਼ਰ ਜ.ਹਰਫ਼ ਨੇ ਆਪਣੇ ਆਪਣੇ ਭਾਵ ਪੂਰਤ ਪਰਚੇ ਪੜ੍ਹੇ।

ਦੂਜੀ ਕਿਤਾਬ ਪੰਜਾਬੀ ਦੀ ਸ਼ਾਇਰਾ ਰਾਜਬੀਰ ਕੌਰ ਜੀ ਕਿਤਾਬ "ਅਣਖੀ ਧੀ" ਦੇ ਉੱਤੇ ਲੈਕਚਰਾਰ ਜਸਪਾਲ ਜੱਸੀ ਨੇ ਪਰਚਾ ਪੜ੍ਹਿਆ।

ਇਸ ਫੰਕਸ਼ਨ ਦੌਰਾਨ ਹੀ ਸਾਹਿਤ ਜਾਗ੍ਰਿਤੀ ਸਭਾ ਬਠਿੰਡਾ ਦੇ ਫਾਊਂਡਰ ਮੈਂਬਰ ਜਗਦੀਸ਼ ਬਾਂਸਲ ਜੀ ਨੂੰ ਉਨਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ।

ਇਸ ਫੰਕਸ਼ਨ ਦੀ ਪ੍ਰਧਾਨਗੀ ਰੈੱਡ ਕਰਾਸ ਸੁਸਾਇਟੀ ਦੇ ਸੈਕਟਰੀ ਦਰਸ਼ਨ ਕੁਮਾਰ ਬਾਂਸਲ ਜੀ ਨੇ ਕੀਤੀ।

ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ।

ਜਿਸ ਵਿੱਚ ਪ੍ਰੋਫ਼ੈਸਰ ਤਰਸੇਮ ਨਰੂਲਾ ਜੀ,ਪੰਜਾਬੀ ਦੇ ਉੱਘੇ ਸ਼ਾਇਰ ਸੁਰਿੰਦਰ ਪ੍ਰੀਤ ਘਣੀਆਂ ਜੀ, ਪ੍ਰਸਿੱਧ ਨਾਵਲਕਾਰ ਪੰਜਾਬ ਦੀ ਸਾਹਿਤ ਅਕਾਦਮੀ ਦੇ ਮੀਤ ਪ੍ਰਧਾਨ ਜਸਪਾਲ ਮਾਨਖੇੜਾ ਜੀ, ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ ਇਹ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਰਣਬੀਰ ਰਾਣਾ, ਗੁਰਸੇਵਕ ਚੁੱਘੇ ਖ਼ੁਰਦ, ਰੇਸ਼ਮ ਸਿੰਘ, ਭੁਪਿੰਦਰ ਲਾਡੀ, ਰਮੇਸ਼ ਗਰਗ, ਪ੍ਰਿੰਸੀਪਲ ਜਸਬੀਰ ਢਿੱਲੋਂ ਤੇ ਪੋਰਿੰਦਰ ਸਿੰਗਲਾ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ।

ਸਾਰਾ ਪ੍ਰੋਗਰਾਮ ਉਸ ਸਮੇਂ ਚਰਮ ਸੀਮਾ 'ਤੇ ਪਹੁੰਚ ਗਿਆ ਜਦੋਂ ਪਹੁੰਚੇ ਕਵੀਆਂ ਤੇ ਕਵਿੱਤਰੀਆਂ ਨੇ ਆਪਣੀਆਂ ਬਹੁਤ ਖ਼ੂਬਸੂਰਤ ਰਚਨਾਵਾਂ ਸੁਣਾਈਆਂ।

ਇਹਨਾਂ ਵਿੱਚ ਇਕਬਾਲ ਪੀਟੀ ਦਾ ਗੀਤ ਨਾਲ ਆਗ਼ਾਜ਼ ਪ੍ਰਸ਼ੰਸਾ ਯੋਗ ਤੇ ਯਾਦਗਾਰੀ ਸੀ।

ਇਸ ਕਵੀ ਦਰਬਾਰ ਵਿੱਚ ਸਾਹਿਤ ਜਾਗਰਤੀ ਸਭਾ ਦੇ ਕੈਸ਼ੀਅਰ ਮਨਜੀਤ ਸਿੰਘ ਜੀਤ, ਉੱਚ ਕੋਟੀ ਦੇ ਚਿੱਤਰਕਾਰ ਤੇ ਲੇਖਕ ਹਰਦਰਸ਼ਨ ਸਿੰਘ ਸੋਹਲ,ਦਲਜੀਤ ਬੰਗੀ, ਅਵਤਾਰ ਜੀਤ ਬਾਹੀਆ,ਰੂਪ ਚੰਦ ਸ਼ਰਮਾ,ਬਲਵਿੰਦਰ ਭੁੱਲਰ, ਅੰਜੂ ਅਮਨਦੀਪ ਗਰੋਵਰ,ਨੇ ਆਪਣੀਆਂ ਰਚਨਾਵਾਂ ਸੁਣਾਈਆਂ।

ਇਸ ਮੌਕੇ ਅੱਜ ਦੇ ਮੁੱਖ ਮਹਿਮਾਨ ਗੁਰਚਰਨ ਕੌਰ ਕੋਛੜ ਜੀ ਨੇ ਜਿੱਥੇ ਆਪਣੀਆਂ ਰਚਨਾਵਾਂ ਸੁਣਾਈਆਂ ਉੱਥੇ ਸਭਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਇਸ ਤਰ੍ਹਾਂ ਦਾ ਪ੍ਰੋਗਰਾਮ ਜ਼ਿੰਦਗੀ ਵਿਚ ਪਹਿਲਾਂ ਬਹੁਤ ਘੱਟ ਦੇਖੇ ਹਨ। ਇਸ ਲਈ ਉਨ੍ਹਾਂ ਸਾਹਿਤ ਜਾਗ੍ਰਤੀ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਜੀਤ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ ਤੇ ਗੁਰ-ਦੇਵ ਖੋਖਰ ਦਾ ਕਿਤਾਬ ਦੀ ਆਲੋਚਨਾ ਦੇ ਲਈ ਧੰਨਵਾਦ ਕੀਤਾ ਤੇ ਨਵੇਂ ਨੁਕਤਿਆਂ ਨੂੰ ਸਾਂਝਾ ਕੀਤਾ।

ਕਵਿੱਤਰੀ ਰਾਜਬੀਰ ਕੌਰ ਨੇ ਵੀ ਆਪਣਾ ਗੀਤ ਗਾ ਕੇ ਸੁਣਾਇਆ।

ਇਹ ਸਾਰੇ ਪ੍ਰੋਗਰਾਮ ਦੀ ਕਾਰਵਾਈ ਨੂੰ ਸਮੁੱਚੇ ਰੂਪ ਵਿੱਚ ਤੇ ਬਹੁਤ ਵਧੀਆ ਢੰਗ ਦੇ ਨਾਲ ਸਾਹਿਤ ਜਾਗ੍ਰਤੀ ਸਭਾ ਰਜਿ: ਬਠਿੰਡਾ ਦੇ ਸਕੱਤਰ ਐਡਵੋਕੇਟ ਗੁਰਵਿੰਦਰ ਸਿੰਘ ਨੇ ਬਾਖ਼ੂਬੀ ਪੇਸ਼ ਕੀਤਾ।

ਪਹੁੰਚੇ ਹੋਏ ਮਹਿਮਾਨਾਂ ਦਾ ਸਵਾਗਤ ਪ੍ਰਧਾਨ ਅਮਰਜੀਤ ਸਿੰਘ ਜੀਤ ਜੀ ਨੇ ਕੀਤਾ ਤੇ ਸਾਰੇ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

# ਮਾਂ ਦਾ ਰੁਤਬਾ

ਮਾਂ ਦਾ ਰੁਤਬਾ ਦੁਨੀਆ ਦੇ ਹਰ ਰਿਸ਼ਤੇ ਤੋਂ ਉੱਚਾ ਹੁੰਦਾ ਹੈ। ਮਾਂ ਪਿਆਰ, ਤਿਆਗ, ਮਮਤਾ ਅਤੇ ਦਇਆ ਦੀ ਮੂਰਤ ਹੁੰਦੀ ਹੈ। ਉਹ ਆਪਣੇ ਬੱਚਿਆਂ ਦੀ ਖੁਸ਼ੀ ਲਈ ਹਰ ਦੁੱਖ ਸਹਿੰਦੀ ਹੈ ਅਤੇ ਬਿਨਾ ਕਿਸੇ ਲਾਲਚ ਦੇ ਸਾਰੀ ਉਮਰ ਉਨ੍ਹਾਂ ਦੀ ਭਲਾਈ ਲਈ ਜੀਉਂਦੀ ਹੈ।ਮਾਂ ਜੀਵਨ ਦਾ ਸਭ ਤੋਂ ਕੀਮਤੀ ਰਿਸ਼ਤਾ ਹੁੰਦੀ ਹੈ। ਉਹ ਬੱਚੇ ਦੀ ਪਹਿਲੀ ਅਧਿਆਪਕ, ਸੱਚੀ ਦੋਸਤ ਅਤੇ ਸਭ ਤੋਂ ਵੱਡੀ ਸਹਾਰਾ ਹੁੰਦੀ ਹੈ। ਮਾਂ ਆਪਣੇ ਬੱਚਿਆਂ ਲਈ ਬੇਅੰਤ ਪਿਆਰ, ਤਿਆਗ ਅਤੇ ਮਿਹਨਤ ਕਰਦੀ ਹੈ। ਉਹ ਆਪਣੇ ਸੁੱਖਾਂ ਦੀ ਪਰਵਾਹ ਨਾ ਕਰਕੇ ਪਰਿਵਾਰ ਦੀ ਖੁਸ਼ੀ ਲਈ ਦਿਨ-ਰਾਤ ਕੰਮ ਕਰਦੀ ਹੈ।

ਬੱਚਾ ਬੋਲਣਾ, ਤੁਰਨਾ ਅਤੇ ਚੰਗੀਆਂ ਆਦਤਾਂ ਮਾਂ ਤੋਂ ਹੀ ਸਿੱਖਦਾ ਹੈ। ਜਦੋਂ ਵੀ ਮਨੁੱਖ ਮੁਸ਼ਕਲ ਵਿੱਚ ਹੁੰਦਾ ਹੈ, ਮਾਂ ਦਾ ਹੌਸਲਾ ਅਤੇ ਦੁਆ ਉਸਨੂੰ ਤਾਕਤ ਦਿੰਦੇ ਹਨ। ਮਾਂ ਦਾ ਪਿਆਰ ਨਿਸ਼ਕਾਮ ਹੁੰਦਾ ਹੈ, ਜਿਸਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ।

ਮਾਂ ਦੀ ਕੁੱਖ ਸਭ ਤੋਂ ਪਵਿੱਤਰ ਥਾਂ ਮੰਨੀ ਜਾਂਦੀ ਹੈ। ਇਹ ਉਹ ਥਾਂ ਹੈ ਜਿੱਥੇ ਇੱਕ ਨਵੀਂ ਜ਼ਿੰਦਗੀ ਜਨਮ ਲੈਣ ਤੋਂ ਪਹਿਲਾਂ ਪਲਦੀ ਹੈ। ਮਾਂ ਆਪਣੀ ਕੁੱਖ ਵਿੱਚ ਬੱਚੇ ਨੂੰ ਨੌਂ ਮਹੀਨੇ ਪਿਆਰ, ਸਹਿਣਸ਼ੀਲਤਾ ਅਤੇ ਸੁਰੱਖਿਆ ਨਾਲ ਸੰਭਾਲਦੀ ਹੈ। ਮਾਂ ਦੀ ਕੁੱਖ ਸਿਰਫ਼ ਸਰੀਰਕ ਜਨਮ ਹੀ ਨਹੀਂ ਦਿੰਦੀ, ਸਗੋਂ ਮਮਤਾ, ਪਿਆਰ ਅਤੇ ਮਨੁੱਖਤਾ ਦੀ ਪਹਿਲੀ ਸਿੱਖਿਆ ਵੀ ਦਿੰਦੀ ਹੈ। ਮਾਂ ਦਾ ਬੱਚਿਆਂ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਉਹ ਬੱਚੇ ਨੂੰ ਜਨਮ ਦੇਣ ਤੋਂ ਲੈ ਕੇ ਉਸਦੀ ਪਰਵਿਰਸ਼, ਸਿੱਖਿਆ ਅਤੇ ਚੰਗੇ ਸੰਸਕਾਰਾਂ ਤੱਕ ਹਰ ਪੜਾਅ 'ਤੇ ਆਪਣਾ ਪਿਆਰ ਅਤੇ ਮਿਹਨਤ ਦਿੰਦੀ ਹੈ। ਮਾਂ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ, ਜੋ ਉਸਨੂੰ ਬੋਲਣਾ, ਤੁਰਣਾ ਅਤੇ ਜੀਵਨ ਦੇ ਸਹੀ ਮੂਲ ਸਿਖਾਉਂਦੀ ਹੈ।ਮਾਂ ਆਪਣੇ ਬੱਚਿਆਂ ਦੀ ਖੁਸ਼ੀ ਲਈ ਆਪਣੀਆਂ ਖ਼ਾਹਿਸ਼ਾਂ ਤੱਕ ਕੁਰਬਾਨ ਕਰ ਦਿੰਦੀ ਹੈ। ਜਦੋਂ ਬੱਚਾ ਬਿਮਾਰ ਜਾਂ ਦੁਖੀ ਹੁੰਦਾ ਹੈ, ਮਾਂ ਸਭ ਤੋਂ ਪਹਿਲਾਂ ਉਸਦਾ ਦਰਦ ਮਹਿਸੂਸ ਕਰਦੀ ਹੈ ਅਤੇ ਹਰ ਸਮੇਂ ਉਸਦੇ ਨਾਲ ਖੜੀ ਰਹਿੰਦੀ ਹੈ। ਉਸਦੀ ਦੁਆ ਅਤੇ ਹੌਸਲਾ ਬੱਚੇ ਨੂੰ ਜੀਵਨ ਵਿੱਚ ਅੱਗੇ ਵਧਣ ਦੀ ਤਾਕਤ ਦਿੰਦੇ ਹਨ।

ਇਸੇ ਤਰ੍ਹਾਂ ਹੀ ਮਾਂ ਦਾ ਧੀਆਂ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ। ਮਾਂ ਆਪਣੀ ਧੀ ਦੀ ਪਹਿਲੀ ਅਧਿਆਪਕ, ਸਹੇਲੀ ਅਤੇ ਮਾਰਗਦਰਸ਼ਕ ਹੁੰਦੀ ਹੈ। ਮਾਂ ਦਾ ਕਰਤੱਵ ਹੈ ਕਿ ਉਹ ਆਪਣੀ ਧੀ ਨੂੰ ਚੰਗੇ ਸੰਸਕਾਰ, ਸਿੱਖਿਆ ਅਤੇ ਜੀਵਨ ਦੀਆਂ ਸਹੀ ਕਦਰਾਂ-ਕੀਮਤਾਂ ਸਿਖਾਏ। ਉਹ ਧੀ ਨੂੰ ਸੱਚਾਈ, ਇੱਜ਼ਤ, ਹਿੰਮਤ ਅਤੇ ਆਤਮ-ਵਿਸ਼ਵਾਸ ਨਾਲ ਜੀਣਾ ਸਿਖਾਉਂਦੀ ਹੈ। ਮਾਂ ਨੂੰ ਚਾਹੀਦਾ ਹੈ ਕਿ ਉਹ ਧੀ ਨੂੰ ਪਿਆਰ ਅਤੇ ਸਮਝ ਨਾਲ ਪਾਲੇ, ਉਸਦੀ ਭਾਵਨਾਵਾਂ ਦੀ ਕਦਰ ਕਰੇ ਅਤੇ ਹਰ ਮੁਸ਼ਕਲ ਵਿੱਚ ਉਸਦਾ ਸਹਾਰਾ ਬਣੇ। ਧੀ ਦੀ ਸੁਰੱਖਿਆ, ਸਿਹਤ ਅਤੇ ਚੰਗੇ ਭਵਿੱਖ ਦੀ ਚਿੰਤਾ ਕਰਨਾ ਵੀ ਮਾਂ ਦਾ ਵੱਡਾ ਫ਼ਰਜ਼ ਹੁੰਦਾ ਹੈ।

ਮਾਂ ਪੂਰੇ ਪਰਿਵਾਰ ਦੀ ਨੀਂਹ ਹੁੰਦੀ ਹੈ। ਉਹ ਘਰ ਨੂੰ ਪਿਆਰ, ਸਨੇਹ ਅਤੇ ਇਕਤਾ ਨਾਲ ਜੋੜ ਕੇ ਰੱਖਦੀ ਹੈ। ਮਾਂ ਆਪਣੇ ਪਰਿਵਾਰ ਦੀ ਖੁਸ਼ੀ ਲਈ ਦਿਨ-ਰਾਤ ਮਿਹਨਤ ਕਰਦੀ ਹੈ ਅਤੇ ਹਰ ਮੈਂਬਰ ਦੀ ਲੋੜ ਦਾ ਧਿਆਨ ਰੱਖਦੀ ਹੈ। ਮਾਂ ਸਿਰਫ਼ ਘਰੇਲੂ ਕੰਮ ਹੀ ਨਹੀਂ ਕਰਦੀ, ਸਗੋਂ ਪਰਿਵਾਰ ਦੇ ਹਰ ਦੁੱਖ-ਸੁੱਖ ਵਿੱਚ ਸਾਥ ਨਿਭਾਉਂਦੀ ਹੈ। ਜਦੋਂ ਪਰਿਵਾਰ ਕਿਸੇ ਮੁਸ਼ਕਲ ਵਿੱਚ ਹੁੰਦਾ ਹੈ, ਮਾਂ ਹੌਸਲਾ ਅਤੇ ਸਬਰ ਨਾਲ ਸਭ ਨੂੰ ਸੰਭਾਲਦੀ ਹੈ। ਉਸਦੀ ਮਮਤਾ ਅਤੇ ਦੁਆ ਪਰਿਵਾਰ ਲਈ ਸਭ ਤੋਂ ਵੱਡੀ ਤਾਕਤ ਹੁੰਦੀ ਹੈ।ਇੱਕ ਮਾਂ ਦੇ ਤਿਆਗ, ਮਿਹਨਤ ਅਤੇ ਪਿਆਰ ਨਾਲ ਹੀ ਪਰਿਵਾਰ ਮਜ਼ਬੂਤ ਅਤੇ ਖੁਸ਼ਹਾਲ ਬਣਦਾ ਹੈ। ਇਸ ਲਈ ਹਰ ਪਰਿਵਾਰ ਨੂੰ ਮਾਂ ਦਾ ਆਦਰ ਕਰਨਾ ਅਤੇ ਉਸਦੇ ਯੋਗਦਾਨ ਦੀ ਕਦਰ ਕਰਨੀ ਚਾਹੀਦੀ ਹੈ।ਮਾਂ ਦੀ ਦੁਆ ਜੀਵਨ ਦੀ ਸਭ ਤੋਂ ਵੱਡੀ ਦੌਲਤ ਹੁੰਦੀ ਹੈ। ਇਸ ਲਈ ਹਰ ਬੱਚੇ ਨੂੰ ਆਪਣੀ ਮਾਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਸਾਡੇ ਜੀਵਨ ਵਿੱਚ ਮਾਂ ਦੀ ਮਹੱਤਤਾ ਬਹੁਤ ਵੱਡੀ ਹੈ। ਇਸ ਲਈ ਸਾਨੂੰ ਹਮੇਸ਼ਾਂ ਆਪਣੀ ਮਾਂ ਦਾ ਸਤਿਕ-ਾਰ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਕਦੇ ਦੁੱਖ ਨਹੀਂ ਦੇਣਾ ਚਾਹੀਦਾ।ਮਾਂ ਦੀ ਕੁੱਖ ਦਾ ਕਰਜ਼ਾ ਕੋਈ ਵੀ ਕਦੇ ਨਹੀਂ ਉਤਾਰ ਸਕਦਾ। ਇਸ ਲਈ ਹਰ ਮਨੁੱਖ ਨੂੰ ਆਪਣੀ ਮਾਂ ਦਾ ਆਦਰ ਅਤੇ ਸਤਿਕਾਰ ਕਰਨਾ ਚਾਹੀਦਾ ਹੈ। ਬੱਚਿਆਂ ਦਾ ਆਪਣੀ ਮਾਂ ਲਈ ਸਭ ਤੋਂ ਵੱਡਾ ਫ਼ਰਜ਼ ਉਸਦਾ ਆਦਰ ਅਤੇ ਸਤਿਕਾਰ ਕਰਨਾ ਹੈ। ਮਾਂ ਸਾਰੀ ਉਮਰ ਆਪਣੇ ਬੱਚਿਆਂ ਦੀ ਖੁਸ਼ੀ ਅਤੇ ਭਲਾਈ ਲਈ ਮਿਹਨਤ ਕਰਦੀ ਹੈ, ਇਸ ਲਈ ਬੱਚਿਆਂ ਨੂੰ ਵੀ ਉਸਦੀ ਸੇਵਾ ਅਤੇ ਸੰਭਾਲ ਕਰਨੀ ਚਾਹੀਦੀ ਹੈ। ਮਾਂ ਨਾਲ ਪਿਆਰ ਨਾਲ ਗੱਲ ਕਰਨੀ, ਉਸਦੀ ਹਰ ਗੱਲ ਦੀ ਕਦਰ ਕਰਨੀ ਅਤੇ ਉਸਨੂੰ ਕਦੇ ਦੁੱਖ ਨਾ ਦੇਣਾ ਬੱਚਿਆਂ ਦੀ ਜ਼ਿੰਮੇਵਾਰੀ ਹੈ। ਜਦੋਂ ਮਾਂ ਬੁੱਢੀ ਹੋ ਜਾਵੇ ਜਾਂ ਬਿਮਾਰ ਹੋਵੇ, ਤਦ ਉਸਦੀ ਦੇਖਭਾਲ ਕਰਨੀ ਅਤੇ ਉਸਦਾ ਸਹਾਰਾ ਬਣਨਾ ਬੱਚਿਆਂ ਦਾ ਫ਼ਰਜ਼ ਹੈ। ਬੱਚਿਆਂ ਨੂੰ ਮਾਂ ਦੀਆਂ ਕੁਰਬਾਨੀਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਅਤੇ ਹਰ ਵੇਲੇ ਉਸਦੀ ਇੱਜ਼ਤ ਕਰਨੀ ਚਾਹੀਦੀ ਹੈ।



**ਜਸਪਾਲ ਸਿੰਘ ਮਹਿਰੋਕ,**
**ਸਨੌਰ (ਪਟਿਆਲਾ)।**

# ਵਿਸਤਰਿਤ ਸਾਹਿਤਕ ਵਿਸ਼ਲੇਸ਼ਣ (ਪੁਸਤਕ ਰਿਵਿਊ)

## ਸਭਿਆਚਾਰ ਅਤੇ ਸਮਾਜਿਕ ਚੇਤਨਾ ਦਾ ਵਿਆਪਕ ਰੂਪ-ਪੁਸਤਕ-'ਚੂੰਢੀ'

ਸਮਕਾਲੀ ਪੰਜਾਬੀ ਕਵਿਤਾ ਦੇ ਪਿਛਲੇ ਦੋ ਦਹਾਕਿਆਂ ਵਿੱਚ ਨਿੱਜੀ ਅਨੁਭਵਾਂ ਅਤੇ ਸਮਾਜਿਕ ਚੇਤਨਾ ਦਾ ਅੰਤਰ-ਸੰਬੰਧ ਵਿਸ਼ੇਸ਼ ਤੌਰ 'ਤੇ ਪ੍ਰਗਟ ਹੋਇਆ ਹੈ। ਇਸ ਪ੍ਰਵਿਰਤੀ ਅੰਦਰ 'ਸੰਨੀ ਧਾਲੀਵਾਲ' ਐਡਮਿੰਟਨ ਦੀ ਪੁਸਤਕ "ਚੂੰਢੀ" ਇੱਕ ਮਹੱਤਵਪੂਰਨ ਕਾਵਿ-ਕ੍ਰਿਤੀ ਵਜੋਂ ਸਾਹਮਣੇ ਆਉਂਦੀ ਹੈ, ਜੋ ਮਨੁੱਖੀ ਅਸਤਿਤਵ ਦੇ ਬਹੁ-ਪੱਖੀ ਪਹਿਲੂਆਂ—ਨਾਰੀ-ਅਸੀਮਤਾ, ਪ੍ਰੇਮ ਅਤੇ ਵਿਛੋੜਾ,ਪ੍ਰਵਾਸੀ ਵਿਸਥਾਪਨ,ਅਧਿਆਤਮਿਕ ਚਿੰਤਨ, ਪਰਿਵਾਰਕ ਬੰਧਨਾਂ ਦਾ ਯਥਾਰਥਵਾਦੀ ਚਿੱਤਰਣ, ਰਾਜਨੀਤੀ, ਅਤੇ ਕਈ ਹੋਰ ਵਿਸ਼ਿਆਂ ਨੂੰ ਗਹਿਰਾਈ ਨਾਲ ਛੂੰਹਦੀ ਹੈ, ਜਿਸ ਕਾਰਨ ਸੰਗ੍ਰਹਿ ਕੇਵਲ ਭਾਵਾਂ ਦੀ ਅਭਿਵਯਕਤੀ ਨਹੀਂ, ਸਗੋਂ ਅਨੁਭਵ ਦੀ ਦਾਰਸ਼ਨਿਕ ਵਿਆਖਿਆ ਦਾ ਦਰਪਣ ਦਿਖਾਈ ਦਿੰਦਾ ਹੈ। ਭਾਸ਼ਾ ਅਤੇ ਸ਼ੈਲੀ ਭਾਸ਼ਾਈ ਪੱਖੋਂ, ਇਹ ਸੰਗ੍ਰਹਿ ਗੱਲਬਾਤੀ ਲਹਿਜ਼ੇ ਅਤੇ ਪ੍ਰਤੀਕਾਤਮਕ ਗਹਿਰਾਈ ਦਾ ਸੁੰਦਰ ਸੰਯੋਗ ਹੈ। ਦੁਹਰਾਵ, ਸੰਵਾਦ ਅਤੇ ਸਾਦਗੀ ਇਸ ਦੀ ਤਾਕਤ ਹਨ। ਕਵੀ ਵੱਡੇ ਅਲੰਕਾਰਿਕ ਜਾਲ ਨਹੀਂ ਬੁਣਦਾ; ਉਹ ਸਧਾਰਨ ਸ਼ਬਦਾਂ ਵਿੱਚ ਅਸਧਾਰਨ ਅਰਥ ਪੈਦਾ ਕਰਦਾ ਹੈ। ਇਸ ਵਿਚਾਰਕ ਆਧਾਰ 'ਤੇ, ਮੈਂ ਕੁੱਝ ਕਵਿਤਾਵਾਂ ਦੇ ਸੰਬਧਤ ਵਿਸ਼ਿਆਂ ਵਿਚਲੇ ਭਾਵਾਂ ਅਤੇ ਹੋਰ ਸਮੱਗਰੀ ਦਾ ਵਿਆਪਕ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਹੈ।

*ਨਾਰੀ-- ਅਸਮੀਤਾ ਦਾ ਪ੍ਰਤੀਕਾਤਮਕ ਵਿਸ਼ਲੇਸ਼ਣ

ਸੰਗ੍ਰਹਿ ਵਿੱਚ ਕੁੱਝ ਨਜ਼ਮਾਂ ਸਭਿਆਚਾਰ, ਰਿਵਾਜ, ਪਹਿਰਾਵੇ, ਭਾਸ਼ਾ ਜਾਂ ਪਿੰਡ-ਸ਼ਹਿਰ ਦੇ ਟਕਰਾਅ ਨਾਲ ਜੁੜੀਆਂ ਹੋਈਆ ਹਨ, ਜੋ ਉਨ੍ਹਾਂ ਦੇ ਸਿਰਲੇਖ ਇੱਕ ਸਭਿਆਚਾਰਕ ਸੰਕੇਤ ਦਿੰਦੇ ਹਨ। ਇਨ੍ਹਾਂ ਕਵਿਤਾਵਾਂ ਵਿੱਚ ਕਵੀ ਕੇਵਲ ਇੱਕ ਦ੍ਰਿਸ਼ ਨਹੀਂ ਰਚਦਾ, ਸਗੋਂ ਸਭਿਆਚਾਰਕ ਬਦਲਾਅ ਦੀ ਅੰਦਰੂਨੀ ਚੋਟ ਨੂੰ ਉਜਾਗਰ ਕਰਦਾ ਹੈ। ਰਿਵਾਜ ਅਤੇ ਆਧੁਨਿਕਤਾ ਦੇ ਟਕਰਾਅ ਵਿੱਚ ਮਨੁੱਖ ਦੀ ਪਛਾਣ ਕਿਵੇਂ ਖਿਸਕਦੀ ਹੈ ਜੋ ਇਨ੍ਹਾਂ ਕਵਿਤਾਵਾਂ ਦਾ ਕੇਂਦਰੀ ਬਿੰਦੂ ਬਣਦਾ ਹੈ, ਜਿਵੇਂ—'ਚੂੰਢੀ', ''ਦਹੀਂ ਵਰਗੀ ਚਿੱਟੀ ਗੋਰੀ ਕੁੜੀ', 'ਓ ਮੇਰੇ ਪਿਆਰੇ ਪਿੰਡ', 'ਕੁੜੀ ਨੂੰ ਵੀ ਕਹੋ', 'ਤੌੜੇ ਜਿੱਡਾ ਢਿੱਡ', 'ਤੀਆਂ ਤੇ ਚੱਲੀ ਆਂ', 'ਅੱਖਾਂ ਵਿੱਚ ਅੱਖਾਂ', 'ਅੱਜ ਤੋਂ ਬਾਅਦ', 'ਮੈਂ ਅੰਗਰੇਜ਼ੀ ਬੋਲੀ ਬੋਲਦੀ ਹਾਂ' ਅਤੇ 'ਬੇਬੇ ਦਾ ਸੰਦੂਕ' ਆਦਿਕ

'ਚੂੰਢੀ'- ਇਸ ਸੰਗ੍ਰਹਿ ਦੀ ਪ੍ਰਥਿਮ ਕਵਿਤਾ ਹੈ, ਜਿਸ 'ਤੇ ਲੇਖਕ ਨੇ ਪੁਸਤਕ ਦਾ ਸ਼ੀਰਸ਼ਕ ਦਿੱਤਾ ਹੈ।—ਭਾਵੇਂ ਇਹ ਇੱਕ ਸਾਧਾਰਨ ਸ਼ਬਦ ਹੈ ਪਰ ਇਸ ਦੇ ਅਰਥਾਂ ਦੀਆਂ ਪਰਤਾਂ ਬੇਅੰਤ ਹਨ। ਇਸ ਨੂੰ ਇੱਕ ਗਹਿਰੇ ਪ੍ਰਤੀਕ ਵਜੋਂ ਉਭਾਰਿਆ ਗਿਆ ਹੈ। ਇੱਥੇ ਸਿਰਫ਼ ਇਹ ਕਿਸੇ ਦੇ ਸਰੀਰਕ ਅੰਗ 'ਤੇ 'ਚੂੰਢੀ' ਨਹੀਂ ਵੱਢੀ ਗਈ, ਸਗੋਂ ਇਹ ਨਾਰੀ ਦੀ ਮਰਿਆਦਾ ਅਤੇ ਉਸ ਦੀ ਅੰਦਰੂਨੀ ਚੇਤਨਾ ਦੀ ਗੂੰਜਦਾ ਰੂਪਕ ਹੈ। ਕਵਿਤਾ ਵਿੱਚ ਚੂੰਢੀ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ—ਇਹ ਮੌਨ ਹੀ ਪ੍ਰਤੀਰਧਬਣ ਜਾਂਦਾ ਹੈ। ਇੱਥੇ ਚੂੰਢੀ ਵੀ ਬੋਲਦੀ ਹੈ।

ਇਹ ਹੈ, ਸਾਡੇ ਸਮਾਜ ਵਿਚਲੀ ਨਿੱਘਰਦੀ ਜਾ ਰਹੀਆਂ ਨੈਤਿਕ ਕਦਰਾਂ ਕੀਮਤਾਂ ਦੀ ਤਿੜਕੀ ਤਸਵੀਰ ਅਤੇ ਨਾਲ ਕਮਾਲ ਦਾ ਹੱਲ ਵੀ। ਸੰਵੇਦਨਸ਼ੀਲ ਅਤੇ ਸਮਾਜਕ ਜਾਗਰੂਕਤਾ ਵਾਲੀ ਰਚਨਾ। ਇੱਥੇ ਇਹ ਸਾਫ਼ ਝਲਕਦਾ ਹੈ ਕਿ ਕਵੀ ਮਰਦ ਪਧਾਰਨ ਸਮਾਜ ਦੀ ਖੁੱਲ੍ਹੀਂ ਆਲੋਚਨਾ ਕਰਨ ਦੀ ਥਾਂ ਪ੍ਰਤੀਕਾਤਮਕ ਸੰਰਚਨਾ ਰਾਹੀਂ ਉਸ ਦੀ ਅੰਦਰੂਨੀ ਵਿਸੰਗਤੀ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਨਜ਼ਮ ਇੱਕ ਵਿਰੋਧੀ-ਵਿਚਰਨਾ ਬਣ ਜਾਂਦੀ ਹੈ, ਜੋ ਨਾਰੀ ਦੀ ਅਣਸੁਣੀ ਆਵਾਜ਼ ਨੂੰ ਕੇਂਦਰ ਵਿੱਚ ਲਿਆਉਂਦੀ ਹੈ।

*ਤੌੜੇ ਜਿੱਡਾ ਢਿੱਡ :-ਕਵਿਤਾ ਵਿਚਲੀ, ਆਧੁਨਿਕ ਭਾਰਤੀ ਔਰਤ, ਗਰਭ ਅਵਸਥਾ ਦੌਰਾਨ ਰਵਾਇਤੀ "ਵਰਜਿਤ"(ਸਭਿਆਚਾਰਕ ਪਾਬੰਦੀਆਂ) ਨੂੰ ਚੁਨੌਤੀ ਦੇ ਰਹੀ ਹੈ। ਇਸ ਵਿਚਾਰਧਾਰਾ ਦੇ ਆਧਾਰ 'ਤੇ, ਮਾਂ ਅਤੇ ਉਸ ਦੀ ਅੱਠਵੇਂ ਮਹੀਨੇ ਦੀ ਗਰਭਵਤੀ ਧੀ ਵਿਚਕਾਰ ਇੱਕ ਨਵੇਕਲੀ ਪ੍ਰਕਾਰ ਦੀ ਚਰਚਾ ਚੱਲ ਰਹੀ ਹੈ। ਇਹ ਰਚਨਾ, ਸਭਿਆਚਾਰਕ ਪਾਬੰਦੀਆਂ ਨੂੰ ਮਨ ਦੀ ਦ੍ਰਿੜਤਾ ਸੁਰ ਰਾਹੀ ਨਿਕਾਰਦੀ ਹੋਈ, ਆਪਣੇ ਆਸ਼ੇ ਦੀ ਪੂਰਤੀ ਲਈ, ਅੱਗੇ ਵਧਦੀ ਹੈ, ਜਿਸ ਰਾਹੀ ਕਵੀ ਦੇ ਮਾਨਸਿਕ ਰੁਝਾਨ ਨੂੰ ਵੀ ਦਰਸਾਉਂਦੀ ਹੈ ਅਤੇ ਉਸ ਨੂੰ ਪ੍ਰਗਤੀਸ਼ੀਲ ਚਿੰਤਕ ਵਿਚਾਰਧਾਰਕ ਦਾ ਦਰਜਾ ਦਿੰਦੀ ਹੈ।

*ਤੀਆਂ ਤੇ ਚੱਲੀ ਆਂ--ਰਾਹੀ, ਪਤਨੀ ਆਪਣੇ ਪਤੀ ਨਾਲ ਤਰਕ ਕਰਨ ਦੀ ਦਲੇਰੀ ਦਿਖਾਉਂਦੀ ਹੈ। ਕਿਸੇ ਟਕਰਾਅ ਜਾਂ ਅਧੀਨਗੀ ਦੀ ਬਜਾਏ, ਆਪਸੀ ਸਮਝ ਅਤੇ ਸਾਂਝੇ ਟੀਚਿਆਂ 'ਤੇ ਬਣੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ ਅਤੇ ਚਿੰਤਾਵਾਂ ਨੂੰ ਬਿਨਾਂ ਟਕਰਾਅ ਦੇ ਹੱਲ ਕਰਨ ਦੀ ਯੋਗਤਾ ਨੂੰ ਇੱਕ ਸਿਹਤਮੰਦ ਅਤੇ ਸਥਾਈ ਵਿਆਹ ਲਈ ਮਹੱਤਵਪੂਰਨ ਹੁਨਰ ਮੰਨਿਆ ਜਾਂਦਾ ਹੈ।

*ਦਹੀਂ ਵਰਗੀ ਚਿੱਟੀ-ਚਿੱਟੀ ਗੋਰੀ ਕੁੜੀ - ਇਹ ਕਵਿਤਾ ਅਮਰੀਕੀ ਅਤੇ ਪੰਜਾਬੀ ਪਰੰਪਰਾਵਾਂ, ਸਭਿਆਚਾਰਕ ਪਾੜੇ ਅਤੇ ਕਦਰਾਂ-ਕੀਮਤਾਂ ਵਿੱਚ ਵਿਸ਼ਾਲ ਅੰਤਰ ਨੂੰ ਉਜਾਗਰ ਕਰਦੀ ਹੈ। ਕਵਿਤਾ ਗੋਰੀ ਲੜਕੀ ਨਾਲ ਮਨਬਚਨੀ ਸੰਵਾਦ ਕਰਦੀ ਇੰਜ ਵਧਦੀ ਹੈ।: ਲੇਖਕ 'ਕੈਲਗਰੀ ਤੋਂ ਐਡਮਿੰਟਨ ਵਾਪਸ /ਡਰਾਈਵ ਕਰ ਰਿਹਾ ਸੀ/-- ਬਾਹਰ ਧੁੱਪੇ ਪਿਕਨਿਕ ਟੇਬਲ ਤੇ ਬੈਠ ਗਿਆ/-- ਗੋਰੀ ਕੁੜੀ ਆਈ! ਮੁਸਕਰਾਈ! ਪੁੱਛਦੀ? ਇਨਜ਼ੁਆਇੰਗ ਦਾ ਸੰਨ/ ਮੇਅ ਆਈ ਜੁਆਇਨ ਯੂ?' ਗੱਲਾਂ ਗੱਲਾਂ ਰਾਹੀਂ ਗੋਰੀ ਨੇ ਦੱਸਿਆ ਕਿ ਉਹ ਇੱਕ ਪੰਜਾਬੀ ਮੁੰਡੇ ਨੂੰ ਪਿਆਰ ਕਰਦੀ ਹੈ।


*ਕੁੜੀ ਨੂੰ ਵੀ ਕਹੋ--ਇਹ ਸਵਾਲ ਪੰਜਾਬੀ ਸਭਿਆਚਾਰ ਦੇ ਅੰਦਰ ਬਹੁਤ ਡੂੰਘੇ ਮੁੱਦੇ ਨੂੰ ਛੂੰਹਦਾ ਹੈ, ਖ਼ਾਸ ਕਰ ਕੇ ਵਿਆਹ ਵਿੱਚ ਪੁੱਤਰਾਂ ਅਤੇ ਧੀਆਂ ਨਾਲ ਵਿਭਿੰਨ ਵਿਵਹਾਰ, ਵਿਆਹ ਦੁਆਰਾ ਨਸ਼ੇੜੀ ਮਰਦਾਂ ਨੂੰ "ਫਿਕਸ" ਕਰਨਾ, ਅਤੇ ਤਲਾਕ ਦੇ ਕਲੰਕ ਬਾਰੇ ਸੋਚ।

*ਅੱਖਾਂ ਵਿੱਚ ਅੱਖਾਂ:--ਵੱਖੋ-ਵੱਖਰੇ ਦੇਸ਼ਾਂ ਵਿਚਕਾਰ,ਸਭਿਆਚਾਰਕ ਅੰਤਰਾਂ ਵਿੱਚ ਰਿਵਾਜ,ਸਮਾਜਿਕ ਨਿਯਮਾਂ, ਸੰਚਾਰ ਅਤੇ ਵਿਵਹਾਰਾਂ ਵਿੱਚ ਭਿੰਨਤਾਵਾਂ ਸ਼ਾਮਲ ਹੁੰਦੀਆਂ ਹਨ, ਜੋ ਕਿ ਅੱਡੋ-ਅੱਡਰੇ ਖੇਤਰਾਂ ਵਿੱਚ ਵੇਖੀਆਂ ਜਾਂਦੀਆਂ ਹਨ।

*ਅੱਜ ਤੋਂ ਬਾਅਦ: ਪੰਜਾਬੀ ਬੱਚਿਆਂ ਦੀ ਭਾਵੇਂ ਪੰਜਾਬੀ ਮਾਤ ਭਾਸ਼ਾ ਹੈ, ਪਰ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਤਾਂ ਜੋ ਸਮਾਜਿਕ ਰੁਤਬਾ (ਅੰਗਰੇਜ਼ੀ ਵਜੋਂ),ਆਰਥਿਕ ਮੌਕੇ (ਵਿਸ਼ਵੀਕਰਨ/ਕੈਰੀਅਰ), ਇਤਿਹਾਸਕ ਕਾਰਕ ਅਤੇ ਮੀਡੀਆ ਪ੍ਰਭਾਵ ਤੋਂ ਫਾਇਦਾ ਲੈਣ ਲਈ ਵਧੇਰੇ ਹੈ।

*ਇਸੇ ਤਰਾਂ—'ਮੈਂ ਅੰਗਰੇਜ਼ੀ ਬੋਲੀ ਬੋਲਦੀ ਹਾਂ 'ਨਜ਼ਮ ਵਿੱਚ ਵੀ ਜ਼ਿਕਰ ਹੈ ਕਿ: ਵਿਦੇਸ਼ਾਂ ਵਿੱਚ ਆਕੇ ਆਪਣੀ ਮਾਂ ਬੋਲੀ ਦੀ ਰਟ ਲਾਈ ਜਾਣੀ ਬਹੁਤ ਅੱਛੀ ਨਹੀਂ ਹੁੰਦੀ, ਕਿਉਂਕਿ ਇੱਥੇ ਤਾਂ ਜਦੋਂ ਵੀ ਕਿਸੇ ਦੇ ਨਾਲ ਗੱਲਬਾਤ ਕਰਨੀ ਹੈ, ਉੱਥੋਂ ਦੀ ਭਾਸ਼ਾ ਦੇ ਅਨੁਸਾਰ ਹੀ ਬੋਲਣਾ ਪੈਂਦਾ ਹੈ। ਇਸ ਕਰਕੇ ਅੰਗਰੇਜ਼ੀ ਨੂੰ ਅਸੀਂ ਆਪਣੀ ਨਿਤਾ ਪ੍ਰਤੀ ਜ਼ਿੰਦਗੀ ਚੋਂ ਕਿਸੇ ਹੱਦ ਤਕ ਵੀ ਮਨਫ਼ੀ ਨਹੀਂ ਕਰ ਸਕਦੇ।

*ਬੇਬੇ ਦਾ ਸੰਦੂਕ: ਸਮੇਂ ਦੇ ਬੀਤਣ ਨਾਲ ਸਾਡੇ ਸਮਾਜਿਕ ਮੁੱਲਾਂ ਵਿੱਚ ਆਈ ਤਬਦੀਲੀ ਦੀ ਕਹਾਣੀ ਹੈ, ਜੋ ਇੱਕ ਪਰਵਾਰ ਆਪਣੀ ਦਾਦੀ




ਦੀ ਮੌਤ ਤੇ ਭਾਰਤ ਆਇਆ ਅਤੇ ਰੀਤੀ ਰਸਮਾਂ ਖ਼ਤਮ ਹੋਣ ਪਿੱਛੋਂ, ਉਨ੍ਹਾਂ ਨੇ ਬੇਬੇ ਦਾ ਸੰਦੂਕ ਖੋਲ੍ਹਿਆ ਅਤੇ ਦੇਖਿਆ ਕਿ ਇਸ ਵਿਚੋਂ ਉਸ ਦੀਆਂ ਆਪ ਕਢਾਈ ਕੀਤੀਆਂ ਚਾਦਰਾਂ, ਘੱਗਰੇ, ਫੁਲਕਾਰੀਆਂ, ਦਰੀਆਂ, ਰਜਾਈਆਂ ਆਦਿ ਨਿਕਲੀਆਂ।

*ਪ੍ਰੇਮ, ਯਾਦ ਅਤੇ ਮਨੋਵਿਗਿਆਨ ਪ੍ਰਤੀ ਵੱਖੋ-ਵੱਖਰੇ ਵਿਚਾਰ:

ਦੋ ਕਵਿਤਾਵਾਂ ਦਾ ਇਕੱਠਾਂ ਜ਼ਿਕਰ ਕਰਦਾ ਹਾਂ- 'ਬੜਾ ਚੰਗਾ ਸੀ ਉਹ' -- ਅਤੇ—'ਬੜੀ ਚੰਗੀ ਸੀ ਉਹ'। ਇਨ੍ਹਾਂ ਦੋਹਾਂ ਕਵਿਤਾਵਾਂ ਵਿੱਚ ਇੱਕ ਵਿੱਛੜੇ ਪ੍ਰੇਮੀ ਦੀ ਆਤਮਾ ਦੀਆਂ ਯਾਦਾਂ ਨੂੰ ਯਾਦ ਕਰਨਾ, ਸ਼ਾਂਤ ਪਲਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਨੂੰ ਤੀਬਰਤਾ ਨਾਲ ਮਹਿਸੂਸ ਕਰਨਾ, ਪ੍ਰਾਰਥਨਾਵਾਂ ਜਾਂ ਕਵਿਤਾਵਾਂ ਰਾਹੀਂ ਪ੍ਰਗਟ ਕੀਤੀ ਗਈ ਪਿਆਰ ਦੀ ਸਥਾਈ ਸ਼ਕਤੀ ਵਿੱਚ ਦਿਲਾਸਾ ਲੱਭਣਾ, ਦੁੱਖ, ਯਾਦਦਾਸ਼ਤ ਅਤੇ ਸਰੀਰਕ ਨੁਕਸਾਨ ਦੀ ਮੋਟੀ ਪਰਤ ਤੋਂ ਪਰੇ ਇੱਕ ਸਦੀਵੀ ਸਬੰਧ ਨਾਲ ਵਿਸ਼ਵਾਸ ਨੂੰ ਜੋੜਨਾ ਅਤੇ ਦਰਦ ਨੂੰ ਪਿਆਰ ਦੇ ਪਵਿੱਤਰ ਬੰਧਨ ਵਿੱਚ ਬਦਲਣਾ ਨਵੀਨ ਅੰਦਾਜ਼ ਰਾਹੀਂ ਬਿਆਨ ਕੀਤਾ ਗਿਆ ਹੈ।

ਸੋਹਣੀ ਨੂੰ ਕੁੱਝ ਸਵਾਲ:- ਇੱਕ ਕਲਾਸੀਕਲ ਲੋਕ ਕਥਾ ਅਤੇ ਦੁਖਾਂਤਕ ਰੋਮਾਂਸ ਹੋਣ ਕਾਰਨ, ਇਹ ਸ਼ਕਤੀਸ਼ਾਲੀ ਕਹਾਣੀ ਲੋਕ ਪ੍ਰਿਆ ਹੈ, ਜੋ ਪਿਆਰ, ਕੁਰਬਾਨੀ ਅਤੇ ਸਮਾਜਿਕ ਨਿਯਮਾਂ ਦੀ ਉਲੰਘਣਾ ਦੇ ਵਿਸ਼ਿਆਂ ਦੀ ਪੜਚੋਲ ਕਰਦੀ ਹੋਈ ਸਦੀਆਂ ਤੋਂ ਲੋਕਾਂ ਦੇ ਮਨਾਂ 'ਚ ਗੂੰਜਦੀ ਆ ਰਹੀ ਹੈ।

*ਓ ਘੜਿਆ ! ਪੰਜਾਬੀ ਸਾਹਿਤ ਵਿੱਚ ਇਹ ਸੰਵਾਦ ਰਚਾਉਂਦੀ ਨਵੇਕਲੀ ਕਿਸਮ ਦੀ ਕਵਿਤਾ ਹੈ,ਜੋ ਸਭਿਆਚਾਰਕ ਵਿਸ਼ੇ ਦੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਮਝਣ/ਸਮਝਾਉਣ ਦਾ ਮੁਲਾਂਕਣ ਪ੍ਰਦਾਨ ਕਰਦੀ ਹੈ।

ਸੱਚਮੁੱਚ ਇਹ ਸਾਬਤ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ।' ਇਹ ਕਵਿਤਾ, ਵਿਸ਼ੇ 'ਤੇ ਅਸਹਿਮਤੀ ਜਾਂ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਬਹੁਤ ਨਵੀਨ ਵਿਚਾਰਾਂ ਨਾਲ ਆਪਣੇ ਉਦੇਸ਼ ਨੂੰ ਉਜਾਗਰ ਕਰਨ ਵਿੱਚ ਪੂਰੀ ਸਫਲ ਹੈ ਅਤੇ ਸਰਕਾਰੀ ਕਾਰਜਸ਼ੈਲੀ 'ਤੇ ਕਰਾਰੀ ਚੋਟ ਵੀ ਮਾਰਦੀ ਹੈ। *ਪ੍ਰਵਾਸ: ਦਰਮਿਆਨੀ ਅਸਤਿਤਵ ਦੀ ਪਹਿਚਾਣ-ਕੁੱਝ ਕਵਿਤਾਵਾਂ ਰਾਹੀਂ ਪ੍ਰਵਾਸੀ ਅਨੁਭਵ ਬਹੁਤ ਸ਼ਕਤੀਸ਼ਾਲੀ ਭਾਵਨਾਵਾਂ ਨਾਲ ਦਰਸਾਇਆ ਗਿਆ ਹੈ, ਜਿੱਥੇ ਪ੍ਰਵਾਸ ਸਿਰਫ਼ ਸਥਾਨ-ਬਦਲੀ ਨਹੀਂ, ਸਗੋਂ ਮਨੋਵਿਗਿਆਨਕ ਵਿਸਥਾਪਨ ਹੈ। ਮੂਲ ਧਰਤੀ ਦੀ ਯਾਦ ਅਤੇ ਨਵੇਂ ਦੇਸ਼ ਦੀ ਹਕੀਕਤ ਦੇ ਦਰਮਿਆਨ ਮਨੁੱਖ ਦੀ ਪਛਾਣ ਇੱਕ ਨਵੀਂ ਰਚਨਾ ਲੈਂਦੀ ਹੈ।

*ਬਨੇਰੇ ਉੱਤੇ ਕਾਂ- ਅੱਜ ਦੇ ਪੰਜਾਬ ਦੀ ਤਰਾਸਦੀ ਬਾਰੇ ਜ਼ਿਕਰ ਕੀਤਾ ਹੈ। ਕਵੀ ਸ਼ੁਰੂਆਤ ਇੰਜ ਕਰਦਾ ਹੈ ਕਿ ਉਸ ਦੇ ਦੋ ਬੱਚੇ ਵਿਦੇਸ਼ ਗਏ ਹੋਏ ਹਨ ਅਤੇ ਉਨ੍ਹਾਂ ਦੀ ਯਾਦ ਵਿੱਚ ਬਾਹਰ ਬੈਠਾ ਸੋਚ ਰਿਹਾ ਹੁੰਦਾ ਕਿ ਜਦ ਬਨੇਰੇ ਤੇ ਇੱਕ ਕਾਂ ਆ ਕੇ, ਕਾਂ ਕਾਂ ਕਰਨ ਲੱਗਦਾ ਹੈ, ਲੇਖਕ ਦੇ ਵਿਚਾਰ ਉੱਥੇ ਜੁੜ ਜਾਂਦੇ ਹਨ। *ਓ ਮੇਰੇ ਪਿਆਰੇ ਪਿੰਡ: ਕਨੇਡਾ ਵਿੱਚ ਬਿਨਾਂ ਕਿਸੇ ਪਾਬੰਦੀ ਦੇ ਪੂਰੀ ਜ਼ਿੰਦਗੀ ਦਾ ਅਨੰਦ ਮਾਣ ਰਹੀ ਇੱਕ ਪੰਜਾਬੀ ਕੁੜੀ, ਪਿੰਡ 'ਰਣਸੀਂਹ' ਤੋਂ ਆ ਕੇ ਖੁੱਲ ਕੇ ਰੂੜ੍ਹੀਵਾਦੀ ਪੁਰਖ-ਪ੍ਰਧਾਨ ਵਾਤਾਵਰਨ ਤੋਂ ਵਧੇਰੇ ਖ਼ੁਦਮੁਖ਼ਤਿਆਰ, ਵਿਅਕਤੀਗਤ ਅਤੇ ਸੁਰੱਖਿਅਤ ਸਮਾਜ ਵਿੱਚ ਇੱਕ ਡੂੰਘੀ ਅਕਸਰ ਪਰਿਵਰਤਨਸ਼ੀਲ ਸਭਿਆਚਾਰਕ ਤਬਦੀਲੀ ਨੂੰ ਅਤੇ ਆਪਣੇ ਦੱਬੇ ਹੋਏ ਅਰਮਾਨਾਂ ਦਾ ਵਰਣਨ ਇਸ ਤਰ੍ਹਾਂ ਕਰਦੀ ਹੈ।

*ਓ ਸੱਜਣਾ: ਇਸ ਉਪਦੇਸ਼ ਆਤਮਕ ਕਵਿਤਾ ਵਿੱਚ ਕਵੀ ਕਹਿੰਦਾ ਹੈ ਕਿ ਸੱਜਣਾ ਤੂੰ ਵਿਦੇਸ਼ ਆ ਗਿਆ ਹੈਂ ਅਤੇ ਇੱਥੋਂ ਦੇ ਹਾਲਾਤ ਵਿੱਚ ਢਲ ਜਾ।---'ਤੇਰੀਆਂ ਲੋੜਾਂ ਬਦਲ ਗਈਆਂ ਹਨ।

*ਆਜ਼ਾਦੀ ਦਿਨ - ਆਜ਼ਾਦੀ ਦਿਵਸ 'ਤੇ ਯੂਨੀਵਰਸਿਟੀ ਦੇ ਬਹੁਤੇ ਵਿਦਿਆਰਥੀਆਂ ਆਪਣੇ ਘਰਾਂ ਨੂੰ ਚਲੇ ਗਏ ਹਨ । ਲੇਖਕ ਕਿਸੇ ਕਾਰਨ ਜਾ ਨਹੀਂ ਸਕਿਆ।

*ਉਹ ਚੁੱਪ ਸੀ। ਲੇਖਕ ਫਿਰ ਪੁੱਛਦਾ ਹੈ ਕਿ 78 ਸਾਲਾਂ ਵਿੱਚ ਕੁੱਝ ਬਦਲਿਆ ਨਹੀਂ?---'ਜਹਾਂ ਪਰ ਪਹਿਲੇ ਜੋ ਲੋਕ ਪ੍ਰੋਫੈਸਰ ਥੇ/ਅਬ ਉਨ ਕੇ ਬੱਚੇ ਪ੍ਰੋਫੈਸਰ ਹੈਂ।' ---- ਜੋ ਕਿ ਸਾਡੀ ਰਾਜਨੀਤਿਕ ਪ੍ਰਣਾਲੀ 'ਤੇ ਇੱਕ ਬਹੁਤ ਵੱਡਾ ਵਿਅੰਗ ਹੈ।

*ਰਾਜ ਕਰੇਗਾ ਖ਼ਾਲਸਾ -- ਰਚਨਾ ਇਹ ਗੱਲ ਉਜਾਗਰ ਕਰਦੀ ਹੈ ਕਿ ਸਕੂਲਾਂ ਵਿੱਚ ਸਹੀ ਸਿੱਖਿਆ ਦੀ ਘਾਟ ਇੱਕ ਮਹੱਤਵਪੂਰਨ ਮੁੱਦਾ ਬਣਿਆ ਹੋਇਆ ਹੈ ਧਾਰਮਿਕ ਰੰਙਣ:-ਅੰਦਰੂਨੀ ਸੰਵਾਦ ਅਤੇ ਮਨੁੱਖਤਾ

ਸੰਗ੍ਰਹਿ ਦੇ ਅੰਤ ਵਿੱਚ ਧਾਰਮਿਕ ਰੰਗਤ ਵਾਲੀਆਂ ਨਜ਼ਮਾਂ - ਗੁਰੂ ਤੇਗ਼ ਬਹਾਦਰ ਜੀ ਅਤੇ ਬਾਬਾ ਨਾਨਕ ਤੇ ਮਰਦਾਨਾ ਇਸ ਪੁਸਤਕ ਨੂੰ ਇੱਕ ਅਧਿਆਤਮਿਕ ਉਚਾਈ ਦਿੰਦੀਆਂ ਹਨ।

-ਗੁਰੂ ਤੇਗ਼ ਬਹਾਦਰ ਜੀ -- ਕਵੀ ਵਿਚਾਰਦਾ ਹੈ ਕਿ ਗੁਰੂ ਜੀ ਸ਼ਹੀਦ ਕਿਉਂ ਹੋਏ? ਕੀ ਉਹ ਕੇਵਲ ਕਸ਼ਮੀਰੀ ਪੰਡਿਤਾਂ ਲਈ ਸ਼ਹੀਦ ਹੋਏ? ਇਸ ਦਾ ਉਸ ਨੂੰ ਕੋਈ ਸਹੀ ਉੱਤਰ ਨਹੀਂ ਮਿਲਦਾ। ਉਹ ਵੀ ਲੋਕਾਂ ਵਾਂਗ ਜਿਵੇਂ ਦੱਸਿਆ ਹੈ, ਉਸੇ ਦੇ ਉੱਤੇ ਹੀ ਨਿਰਭਰ ਹੈ। ਅੰਤ ਵਿੱਚ ਉਹ ਕਹਿੰਦਾ ਹੈ ਕਿ ਫਿਰ---'ਮੈਂ ਵੀ ਆਮ ਲੋਕਾਂ ਵਾਂਗ/ ਸਿਰ ਤੇ ਸਵਾਲਾਂ ਦੀ ਪੰਡ ਚੁੱਕੀ/ ਨੀਵੀਂ ਪਾ ਕੇ ਭੇਡ ਵਾਂਗ/ ਇੱਜੜ ਵਿੱਚ ਤੁਰਿਆ ਫਿਰਦਾ ਹਾਂ।' "ਚੂੰਢੀ" ਇੱਕ ਅਜਿਹੀ ਕਾਵਿ-ਪੁਸਤਕ ਹੈ, ਜੋ ਭਾਸ਼ਾਈ ਪੱਖੋਂ ਲੋਕ-ਬੋਲੀ ਦੀ ਮਿਠਾਸ 'ਤੇ ਆਧੁਨਿਕ ਵਿਚਾਰਾਂ ਦੇ ਸੁੰਦਰ ਮਿਸ਼ਰਨ ਨੂੰ ਜੋੜਦੀ ਹੈ ਅਤੇ ਇਸ ਤਰ੍ਹਾਂ ਇਸ ਨੂੰ ਸੱਚਮੁੱਚ ਵਿਲੱਖਣ ਬਣਾਉਂਦੀ ਹੈ। ਇਸ ਨੂੰ ਨਾਰੀ-ਚੇਤਨਾ ਦੇ ਸੰਦਰਭ ਵਿੱਚ ਵੀ ਪੜ੍ਹਿਆ ਜਾ ਸਕਦਾ ਹੈ, ਪ੍ਰਵਾਸੀ ਅਸਤਿਤਵ ਦੀ ਪੜਚੋਲ ਵਜੋਂ ਵੀ ਅਤੇ ਅਧਿਆਤਮਿਕ ਸੰਵਾਦ ਦੇ ਰੂਪ ਵਿੱਚ ਵੀ। ਇਹ ਪੁਸਤਕ ਸਾਬਤ ਕਰਦੀ ਹੈ ਕਿ ਕਵਿਤਾ ਸਿਰਫ਼ ਅਨੁਭਵ ਦੀ ਲਿਖਤ ਨਹੀਂ; ਇਹ ਮਨੁੱਖੀ ਅਸਤਿਤਵ ਦੀ ਖੋਜ ਹੈ—ਦਰਦ ਦੀਵੀ, ਪ੍ਰੇਮ ਦੀ ਵੀ ਅਤੇ ਰੱਬ ਨਾਲ ਅੰਦਰੂਨੀ ਗੱਲਬਾਤ ਦੀ ਵੀ। ਇਸ ਅਰਥ ਵਿੱਚ "ਚੂੰਢੀ" ਸਮਕਾਲੀ ਪੰਜਾਬੀ ਕਵਿਤਾ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਣ ਦੀ ਪੂਰੀ ਸਮਰੱਥਾ ਰੱਖਦੀ ਹੈ,ਜੋ ਮੇਰਾ ਵਿਸ਼ਵਾਸ ਹੈ।



ਸੁਰਜੀਤ ਸਿੰਘ ਭੁੱਲਰ
ਸੰਪਰਕ -1-602-715-2828

# ਜ਼ਮੀਨ ਐਕਵਿਜ਼ੀਸ਼ਨ, ਵਿਕਾਸ ਦੇ ਨਾਮ ‘ਤੇ ਕਿਸਾਨਾਂ ਨਾਲ ਨਿਆਂ ਜਾਂ ਨਾਇੰਸਾਫੀ?

ਭਾਰਤ ਵਿੱਚ ਵਿਕਾਸ ਦੇ ਨਾਮ ‘ਤੇ ਜ਼ਮੀਨਾਂ ਦੀ ਐਕਵਾਇਰਿੰਗ ਕੋਈ ਨਵੀਂ ਗੱਲ ਨਹੀਂ, ਪਰ “Right to Fair Compensation and Transparency in Land Acquisition, Rehabilitation and Resettlement Act, 2013” ਆਉਣ ਤੋਂ ਬਾਅਦ ਇਸ ਪ੍ਰਕਿਰਿਆ ਨੂੰ ਨਿਆਂ ਸੰਗਤ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਰ ਵੀ ਹਕੀਕਤ ਇਹ ਹੈ ਕਿ ਕਾਨੂੰਨ ਕਾਗਜ਼ਾਂ ‘ਤੇ ਮਜ਼ਬੂਤ ਹੋਣ ਦੇ ਬਾਵਜੂਦ ਜ਼ਮੀਨ ਮਾਲਕਾਂ ਨੂੰ ਅਕਸਰ ਆਪਣੇ ਹੱਕਾਂ ਲਈ ਲੜਨਾ ਪੈਂਦਾ ਹੈ।

ਸਰਕਾਰ ਵੱਲੋਂ “ਜਨਤਕ ਉਦੇਸ਼” ਦੇ ਨਾਂ ‘ਤੇ ਜ਼ਮੀਨ ਲੈਣ ਦੀ ਸ਼ਰਤ ਰੱਖੀ ਗਈ ਹੈ, ਪਰ ਅਸਲ ਵਿੱਚ ਇਹ ਸ਼ਬਦ ਕਈ ਵਾਰ ਵਿਵਾਦ ਦਾ ਕੇਂਦਰ ਬਣ ਜਾਂਦਾ ਹੈ। ਸੜਕਾਂ, ਰੇਲਵੇ, ਡੈਮ ਜਾਂ ਬਿਜਲੀ ਪ੍ਰੋਜੈਕਟਾਂ ਨੂੰ ਤਾਂ ਜਨਹਿੱਤ ਮੰਨਿਆ ਜਾ ਸਕਦਾ ਹੈ, ਪਰ ਜਦੋਂ ਨਿੱਜੀ ਕੰਪਨੀਆਂ ਲਈ ਜ਼ਮੀਨ ਲਈ ਜਾਂਦੀ ਹੈ, ਤਾਂ ਲੋਕਾਂ ਵਿੱਚ ਸ਼ੱਕ ਪੈਦਾ ਹੋਣਾ ਲਾਜ਼ਮੀ ਹੈ। ਇਸ ਲਈ 70% ਜਾਂ 80% ਸਹਿਮਤੀ ਦੀ ਸ਼ਰਤ ਰੱਖੀ ਗਈ ਹੈ, ਪਰ ਇਹ ਸਹਿਮਤੀ ਕਿੰਨੀ ਖੁਦਮੁਖਤਿਆਰ ਹੁੰਦੀ ਹੈ, ਇਹ ਵੀ ਇੱਕ ਵੱਡਾ ਸਵਾਲ ਹੈ।

ਕਾਨੂੰਨ ਵਿੱਚ ਦਿੱਤੀ ਗਈ 5-ਸਟੈਪ ਪ੍ਰਕਿਰਿਆ—ਸਮਾਜਿਕ ਅਸਰ ਅਧਿਐਨ ਤੋਂ ਲੈ ਕੇ ਮੁਆਵਜ਼ੇ ਤੱਕ—ਜ਼ਮੀਨ ਮਾਲਕਾਂ ਨੂੰ ਆਪਣੇ ਹੱਕਾਂ ਦੀ ਰੱਖਿਆ ਦਾ ਮੌਕਾ ਦਿੰਦੀ ਹੈ। ਪਰ ਜਮੀਨੀ ਹਕੀਕਤ ਵਿੱਚ ਬਹੁਤ ਸਾਰੇ ਲੋਕਾਂ ਨੂੰ ਨਾ ਤਾਂ ਪੂਰੀ ਜਾਣਕਾਰੀ ਹੁੰਦੀ ਹੈ ਅਤੇ ਨਾ ਹੀ ਉਹ ਇਤਰਾਜ਼ ਦਰਜ ਕਰਵਾਉਣ ਦੀ ਪ੍ਰਕਿਰਿਆ ਨੂੰ ਢੰਗ ਨਾਲ ਸਮਝਦੇ ਹਨ। ਇਸ ਅਣਜਾਣਤਾ ਦਾ ਫਾਇਦਾ ਪ੍ਰਸ਼ਾਸਨ ਅਕਸਰ ਲੈ ਲੈਂਦਾ ਹੈ।

ਮੁਆਵਜ਼ੇ ਦੀ ਗੱਲ ਕਰੀਏ ਤਾਂ ਕਾਨੂੰਨ ਅਨੁਸਾਰ ਪੇਂਡੂ ਇਲਾਕਿਆਂ ਵਿੱਚ 4 ਗੁਣਾ ਤੱਕ ਰਕਮ ਮਿਲ ਸਕਦੀ ਹੈ, ਜੋ ਸੁਣਨ ਵਿੱਚ ਆਕਰਸ਼ਕ ਲੱਗਦੀ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਰਕਮ ਕਿਸਾਨ ਦੀ ਜੀਵਨ ਭਰ ਦੀ ਆਮਦਨ ਅਤੇ ਉਸਦੇ ਜਜ਼ਬਾਤੀ ਨਾਤੇ ਦਾ ਮੁੱਲ ਪੂਰਾ ਕਰ ਸਕਦੀ ਹੈ? ਜ਼ਮੀਨ ਸਿਰਫ ਸੰਪਤੀ ਨਹੀਂ ਹੁੰਦੀ, ਇਹ ਇੱਕ ਪਰਿਵਾਰ ਦੀ ਪਹਿਚਾਣ ਅਤੇ ਜੀਵਨ ਦਾ ਆਧਾਰ ਹੁੰਦੀ ਹੈ। ਰਿਹੈਬਿਲੀਟੇਸ਼ਨ ਅਤੇ ਰੀਸੈਟਲਮੈਂਟ (R&R) ਦੇ ਪ੍ਰਬੰਧ ਵੀ ਕੀਤੇ ਗਏ ਹਨ—ਘਰ, ਰੁਜ਼ਗ-ਾਰ, ਭੱਤੇ—ਪਰ ਇਹਨਾਂ ਦੀ ਲਾਗੂ ਕਰਨ ਦੀ ਗਤੀ ਅਤੇ ਇਮਾਨਦਾਰੀ ਅਕਸਰ ਸਵਾਲਾਂ ‘ਚ ਘਿਰ ਜਾਂਦੀ ਹੈ। ਕਈ ਮਾਮਲਿਆਂ ਵਿੱਚ ਲੋਕਾਂ ਨੂੰ ਨਾ ਤਾਂ ਵਾਅਦੇ ਮੁਤਾਬਕ ਨੌਕਰੀ ਮਿਲਦੀ ਹੈ ਅਤੇ ਨਾ ਹੀ ਢੰਗ ਦਾ ਵਸੇਬਾ।

ਅੰਤ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜ਼ਮੀਨ ਮਾਲਕ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾਂ ਲਾਜ਼ਮੀ ਹੈ। ਧਾਰਾ-11 ਤੋਂ ਬਾਅਦ ਇਤਰਾਜ਼ ਦਰਜ ਕਰਨਾ, ਢੰਗ ਦਾ ਕਾਨੂੰਨੀ ਸਲਾਹਕਾਰ ਰੱਖਣਾ ਅਤੇ ਮੁਆਵਜ਼ਾ ਮਿਲਣ ਤੋਂ ਪਹਿਲਾਂ ਕਬਜ਼ਾ ਨਾ ਦੇਣਾ—ਇਹ ਉਹ ਹਥਿਆਰ ਹਨ ਜੋ ਕਿਸਾਨ ਨੂੰ ਨਿਆਂ ਦਿਵਾ ਸਕਦੇ ਹਨ। ਵਿਕਾਸ ਜ਼ਰੂਰੀ ਹੈ, ਪਰ ਜੇ ਉਹ ਲੋਕਾਂ ਦੀ ਜ਼ਮੀਨ ਖੋਹ ਕੇ, ਉਹਨਾਂ ਨੂੰ ਬੇਘਰ ਕਰਕੇ ਹੋਵੇ ਤਾਂ ਉਹ ਵਿਕਾਸ ਨਹੀਂ ਵਿਨਾਸ਼ ਬਣ ਜਾਂਦਾ ਹੈ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ ,**
**98148 24215**

# ਪ੍ਰੀ ਡਿਨਰ ਚਰਚਾ

"ਐਂਕਲ ਜੀ ਮੈਂ ਚੰਡੀਗੜ੍ਹ ਤੋਂ ਹੋਟਲ ਮੈਨੇਜਮੈਂਟ ਵਿੱਚ ਡਿਗਰੀ ਕੀਤੀ ਤੇ ਫਿਰ ਇੱਥੇ ਆਕੇ ਪੋਸਟ ਗਰੈਜੂਏਸ਼ਨ ਕੀਤੀ। ਹੁਣ ਮੈਂ ਹੋਸਪੇਲਿਟੀ ਵਿਭਾਗ ਵਿੱਚ ਸੁਪਰਵਾਈਜ਼ਰ ਹਾਂ।" ਇਹ ਮੇਰੀ ਨੂਰ ਨਾਲ ਪ੍ਰੀ ਡਿਨਰ ਮਿਲਣੀ ਸੀ। ਭਾਵੇਂ ਇਸ ਦਾ ਪੂਰਾ ਨਾਮ ਹਰਨੂਰ ਸਿੰਘ ਹੈ ਪਰ ਛੋਟੀ ਉਮਰ ਦਾ ਹੋਣ ਕਰਕੇ ਸਾਰੇ 'ਨੂਰ' ਹੀ ਆਖਦੇ ਹਨ। ਜਿੰਨਾਂ ਸੋਹਣਾ ਇਸ ਦਾ ਨਾਮ ਹੈ ਉੱਨਾ ਸੋਹਣਾ ਵੀ ਹੈ ਨੂਰ। ਨੂਰ ਮੇਰੀ ਬੇਗਮ ਦੀ ਮਾਸੀ ਦੀ ਕੁੜੀ ਦਾ ਬੇਟਾ ਹੈ। ਯਾਨੀ ਮੈਂ ਇਸ ਦਾ ਮਾਸੀ ਵਾਲਾ ਮਾਸੜ ਲੱਗਦਾ ਹਾਂ। ਲਗਭਗ ਛਿਆਹਟ ਦਿਨਾਂ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਉਹ ਅੱਜ ਆਪਣੀ ਕਜ਼ਨ ਦੇ ਪਰਿਵਾਰ ਨਾਲ ਡਿਨਰ ਤੇ ਆਇਆ ਸੀ। ਉਸ ਦਾ ਸ਼ਡੀਊਲ ਕਾਫੀ ਬੀਜੀ ਹੁੰਦਾ ਹੈ। ਇੱਥੇ ਹਰ ਕੋਈ ਬੀਜੀ ਹੀ ਹੁੰਦਾ ਹੈ। ਇਥੇ ਮੇਲਗੇਲ ਲਈ ਪ੍ਰੀ ਅਪੋਇੰਟਮੈਂਟ ਜਰੂਰੀ ਹੁੰਦੀ ਹੈ। ਨਹੀਂ ਤਾਂ ਅਗਲਾ ਗੇਟ ਤੋਂ ਵੀ ਮੋੜ ਦਿੰਦਾ ਹੈ ਕਿ ਮੈਂ ਸੋਂ ਰਿਹਾ ਹੈ। ਜਾਂ ਮੈਂ ਪੂਰਾ ਤਿਆਰ ਨਹੀਂ। ਭਾਵ ਪਰਨੇ ਵਿੱਚ ਹੀ ਹਾਂ। ਉਸਨੇ ਅੱਗੇ ਦੱਸਿਆ ਕਿ ਉਹ ਇੰਟਰ ਕੋਂਟੀਨੈਂਟਲ ਹੋਟਲ ਗਰੁੱਪ ਦੇ ਹੋਟਲ ਕਰਾਊਨ ਪਲਾਜ਼ਾ ਦੇ ਹਾਊਸ ਕੀਪਿੰਗ ਵਿਭਾਗ ਵਿੱਚ ਹੁੰਦਾ ਹੈ। ਹੋਟਲ ਦੇ ਤਿੰਨ ਸੌ ਉਨੱਤੀ ਤੋਂ ਉਪਰ ਕਮਰੇ ਹਨ ਤੇ ਸੈਂਤੀ ਮੰਜਿਲੀ ਬਿਲਡਿੰਗ ਚ ਇਹ ਵੀਹ ਮੰਜ਼ਿਲਾ ਹੋਟਲ ਹੈ। ਇਸ ਤੋਂ ਇਲਾਵਾ ਉਹ ਵੀਕਐਂਡ ਤੇ ਵੀ ਕੋਈ ਨਾ ਕੋਈ



ਕੰਮ ਲੱਭ ਲੈਂਦਾ ਹੈ। ਜਦੋਂ ਕਮਾਈ ਲਈ ਆਪਣੀ ਜਨਮ ਭੂਮੀ ਅਤੇ ਪਰਿਵਾਰ ਛੱਡ ਦਿੱਤਾ ਤਾਂ ਫਿਰ ਮੇਹਨਤ ਤੋਂ ਢਿੱਲ ਕਿਉਂ ਵਰਤੀਏ। ਗੱਲਬਾਤ ਦੌਰਾਨ ਮੈਂ ਦੇਖਿਆ ਜਿੱਥੇ ਨੂਰ ਇੱਕ ਸਪਸ਼ਟਵਾਦੀ ਇਨਸਾਨ ਹੈ। ਜਿਸਨੂੰ ਇਹ ਲੋਕ ਇਥੋਂ ਦੀ ਭਾਸ਼ਾ ਵਿੱਚ ਪ੍ਰੈਕਟੀਕਲ ਹੋਣਾ ਆਖਦੇ ਹਨ ਤੇ ਅਸੀਂ ਆਪਣੀ ਭਾਸ਼ਾ ਵਿੱਚ ਇਸਨੂੰ 'ਕੋਰਾ' ਆਖਕੇ ਡੀਗ੍ਰੇਡ ਕਰਦੇ ਹਾਂ। ਪ੍ਰੈਕਟੀਕਲ ਹੋਣਾ ਗਲਤ ਨਹੀਂ ਹੁੰਦਾ ਬਸ਼ਰਤੇ ਕੋਈ ਉਸਨੂੰ ਸਮਝੇ ਤਾਂ। ਉਹ ਹੱਸਮੁੱਖ ਹੋਣ ਦੇ ਨਾਲ ਨਾਲ ਵਧੀਆ ਹੇਲਪਿੰਗ ਹੈਂਡ ਵੀ ਹੈ। ਉਹ ਮਹਿਮਾਨ ਨਾਲੋਂ ਮੇਜ਼ਬਾਨ ਦੀ ਭੂਮਿਕਾ ਵਧੀਆ ਤਰੀਕੇ ਨਾਲ ਨਿਭਾਉਂਦਾ ਹੈ। ਮੈਂ ਪਹਿਲਾਂ ਵੀ ਉਸਨੂੰ ਵੇਖਿਆ ਸੀ ਕਿ ਉਹ ਕਿਵੇਂ ਮੇਜ਼ਬਾਨ ਦੇ ਮੋਢੇ ਨਾਲ ਮੋਢਾ ਜੋੜਕੇ ਖੜ੍ਹਦਾ ਹੈ। ਨੂਰ ਧਾਰਮਿਕ ਵਿਚਾਰਧਾਰਾ ਦਾ ਹੈ ਪ੍ਰੰਤੂ ਕੱਟੜ ਨਹੀਂ ਹੈ। ਉਹ ਚੰਗਾ ਬਣਨ ਲਈ ਧਾਰਮਿਕ ਬਣਿਆ ਹੈ ਨਾ ਕਿ ਧਾਰਮਿਕ ਬਣਨ ਲਈ ਚੰਗਾ। ਚੌਵੀ ਸਾਲ ਦਾ ਨੂਰ ਵਿਆਹ ਨਾਲੋਂ ਪਹਿਲਾ ਵੈੱਲ ਸੈੱਟ ਹੋਣਾ ਚਾਹੁੰਦਾ ਹੈ। ਬਾਕੀ ਉਹ ਵਿਆਹ ਸਬੰਧੀ ਨੈਗੇਟਿਵ ਅਤੇ ਪਾਜ਼ੇਟਿਵ ਸੋਚ ਨੂੰ ਨਾਲ ਨਾਲ ਲੈਕੇ ਚੱਲਦਾ ਹੈ। ਮੈਨੂੰ ਇਸ ਚਰਚਾ ਦੇ ਦੌਰਾਨ ਗੁਰਜੀਤ ਸਿੰਘ ਦਾ ਹਾਂਪੱਖੀ ਅਤੇ ਤਰਕ ਅਧਾਰਿਤ ਹੁੰਗਾਰਾ ਵੀ ਚੰਗਾ ਲੱਗਿਆ। ਕਿਉਂਕਿ ਜਵਾਈ ਭਾਈ ਦੀ ਮਿਣਵੀ ਤੋਲਵੀ ਗੱਲ ਵੀ ਕੀਮਤੀ ਅਤੇ ਪਾਏਦਾਰ ਹੁੰਦੀ ਹੈ। ਕੁੱਲ ਮਿਲਾਕੇ ਇਸ ਚਰਚਾ ਨਾਲ ਡਿਨਰ ਦਾ ਮਜ਼ਾ ਦੁਗਣਾ ਹੋ ਗਿਆ।

**ਰਮੇਸ ਸੇਠੀ ਬਾਦਲ**
**9876627233**

# ਹੈਤੀ ਵੱਲੋਂ 2026 ਫੀਫਾ ਵਰਲਡ ਕੱਪ ਲਈ ਟੀਮ ਦਾ ਐਲਾਨ

**ਵੈਨਕੂਵਰ, 17 ਮਈ (ਮਲਕੀਤ ਸਿੰਘ)** – ਕਨੇਡਾ ਚ ਕਰਵਾਏ ਜਾ ਰਹੇ ਫੀਫਾ ਵਰਲਡ ਕੱਪ 2026 ਨੂੰ ਲੈ ਕੇ ਹੈਤੀ ਦੀ ਰਾਸ਼ਟਰੀ ਫੁੱਟਬਾਲ ਟੀਮ ਨੇ ਆਪਣੀ 26 ਮੈਂਬਰੀ ਟੀਮ ਦਾ ਐਲਾਨ ਕਰ ਦਿੱਤਾ ਹੈ। ਖਾਸ ਗੱਲ ਇਹ ਹੈ ਕਿ ਟੀਮ ਵਿੱਚ ਸ਼ਾਮਲ ਜ਼ਿਆਦਾਤਰ ਖਿਡਾਰੀ ਵਿਦੇਸ਼ਾਂ ਵਿੱਚ ਰਹਿੰਦੇ ਹੈਤੀ ਮੂਲ ਦੇ ਹਨ, ਜਦਕਿ ਸਥਾਨਕ ਲੀਗ ਵਿੱਚੋਂ ਕੇਵਲ ਇੱਕ ਖਿਡਾਰੀ ਨੂੰ ਹੀ ਟੀਮ ਵਿੱਚ ਜਗ੍ਹਾ ਮਿਲੀ ਹੈ। ਜਾਣਕਾਰੀ ਅਨੁਸਾਰ ਹੈਤੀ ਦੀ ਟੀਮ ਵਿੱਚ ਯੂਰਪੀ ਕਲੱਬਾਂ ਨਾਲ ਜੁੜੇ ਦੋ ਨਵੇਂ ਖਿਡਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਟੀਮ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਵਿਦੇਸ਼ੀ ਲੀਗਾਂ ਵਿੱਚ ਖੇਡਣ ਵਾਲੇ ਖਿਡਾਰੀਆਂ ਦੇ ਤਜਰਬੇ ਨਾਲ ਹੈਤੀ ਦੀ ਟੀਮ ਨੂੰ ਵਰਲਡ ਕੱਪ ਵਿੱਚ ਫਾਇਦਾ ਹੋ ਸਕਦਾ ਹੈ। ਫੁੱਟਬਾਲ ਪ੍ਰੇਮੀਆਂ ਵਿੱਚ ਟੀਮ ਦੇ ਐਲਾਨ ਮਗਰੋਂ ਕਾਫ਼ੀ ਉਤਸ਼ਾਹ ਵੇਖਿਆ ਜਾ ਰਿਹਾ ਹੈ। ਹੈਤੀ ਫੁੱਟਬਾਲ ਫੈਡਰੇਸ਼ਨ ਨੂੰ ਉਮੀਦ ਹੈ ਕਿ ਇਹ ਟੀਮ ਅੰਤਰਰਾਸ਼ਟਰੀ ਮੰਚ ‘ਤੇ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਅਤੇ ਦੇਸ਼ ਦਾ ਮਾਣ ਵਧਾਏਗੀ।

# ਅਮਰਗੜ੍ਹ ਦੇ ਬ੍ਰੇਨਟਰੀ ਵਰਲਡ ਸਕੂਲ ਸਮੇਤ ਜ਼ਿਲ੍ਹੇ ਦੇ ਕਈ ਹੋਰਨਾਂ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

## (ਪੂਰੇ ਸਕੂਲ ਦੀ ਚੰਗੀ ਤਰਾਂ ਜਾਂਚ ਕਰ ਲਈ ਹੈ,ਕੋਈ ਸ਼ੱਕੀ ਵਸਤੂ ਬ੍ਰਾਮਦ ਨਹੀਂ ਹੋਈ,ਲੋਕੀਂ ਅਫਵਾਹਾਂ ਵੱਲ ਧਿਆਨ ਨਾ ਦੇਣ : ਇੰਸ. ਬਲਜੀਤ ਸਿੰਘ )

**ਅਮਰਗੜ੍ਹ 18 ਮਈ (ਕੁਲਵੰਤ ਸਿੰਘ ਮੁਹਾਲੀ)–** ਵਿੱਦਿਅਕ ਖੇਤਰ ਅੰਦਰ ਅਮਰਗੜ੍ਹ ਏਰੀਆ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਧੂਰੀ ਰੋਡ ਤੇ ਸਥਿਤ ਬ੍ਰੇਨਟਰੀ ਵਰਲਡ ਸਕੂਲ ਵਿੱਚ ਅੱਜ ਉਸ ਵੇਲੇ ਹਫੜਾ-ਦਫੜੀ ਮੱਚ ਗਈ ਜਦੋਂ ਸਕੂਲ ਦੇ ਅਧਿਕਾਰਤ ਮੇਲ ਉਪਰ ਸਵੇਰੇ ਲੱਗਪਗ 8:45 ਕੁ ਵਜੇ ਇਸ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ, ਜਿਸ ਦੀ ਸੂਚਨਾ ਸਕੂਲ ਪ੍ਰਸ਼ਾਸਨ ਵੱਲੋਂ ਤੁਰੰਤ ਪ੍ਰਿੰ. ਡਾ.ਗੁਰਦੀਪ ਸਿੰਘ ਵੱਲੋਂ ਦੇਣ ਤੋਂ ਬਾਅਦ ਅਮਰਗੜ੍ਹ ਪੁਲਿਸ ਨੇ ਤੁਰੰਤ ਹਰਕਤ ਚ ਆਉਂਦਿਆਂ ਬਿਨਾਂ ਕਿਸੇ ਦੇਰੀ ਦੇ ਤੁਰੰਤ ਹੀ ਅਮਰਗੜ੍ਹ ਥਾਣੇ ਦੇ ਐਸ.ਐਚ.ਓ ਇੰਸਪੈਕਟਰ ਬਲਜੀਤ ਸਿੰਘ ਵੱਡੀ ਗਿਣਤੀ ਪੁਲਿਸ ਪਾਰਟੀ ਅਤੇ ਐਂਟੀ ਸਾਬੋਟੇਜ ਟੀਮ ਸਮੇਤ ਸਕੂਲ ਵਿੱਚ ਪਹੁੰਚੇ ਅਤੇ ਉਨ੍ਹਾਂ ਉਹਨਾਂ ਨੇ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ।ਇਸ ਮੌਕੇ ਪ੍ਰਸ਼ਾਸਨ ਵੱਲੋਂ ਸਾਵਧਾਨੀ ਵਰਤਦਿਆਂ ਸਕੂਲ ਚ ਖੜ੍ਹੀਆਂ ਸਾਰੀਆਂ ਬੱਸਾਂ ਤੇ ਹੋਰਨਾਂ ਵਹੀਕਲਾਂ ਦੀ ਜਾਂਚ ਕਰਵਾਈ ਗਈ, ਉਨ੍ਹਾਂ ਇਸ ਸਰਚ ਅਪ੍ਰੇਸ਼ਨ ਦੇ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਨੂੰ ਭੇਜ ਦਿੱਤਾ



ਗਿਆ।ਸਰਚ ਅਪ੍ਰੇਸ਼ਨ ਪੂਰਾ ਹੋਣ ਉਪਰੰਤ ਮੌਕੇ ਤੇ ਪਹੁੰਚੇ ਐਸ.ਐਚ.ਓ ਇੰਸ. ਬਲਜੀਤ ਸਿੰਘ ਨੇ ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਢਲੀ ਜਾਂਚ ਅਤੇ ਚੈਕਿੰਗ ਦੌਰਾਨ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ।ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਧਮਕੀ ਭਰੀ ਈਮੇਲ ਦੀ ਗੰਭੀਰਤਾ ਨਾਲ ਜਾਂਚ ਕਰ ਰਿਹਾ ਹੈ,ਕੁੱਝ ਸ਼ਰਾਰਤੀ ਅਨਸਰ ਇਲਾਕੇ ਦਾ ਮਾਹੌਲ ਖਰਾਬ ਕਰਨ ਲਈ ਅਜਿਹੇ ਘਟੀਆ ਹੱਥਕੰਡੇ ਅਪਣਾ ਰਹੇ ਹਨ, ਜਿਸਦੀ ਸਾਈਬਰ ਸੈੱਲ ਵੱਲੋਂ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਧਮਕੀ ਭੇਜਣ ਵਾਲਿਆਂ ਨੂੰ ਕਾਬੂ ਕਰ ਲਿਆ ਜਾਵੇਗਾ। ਐਸ ਐਚ ਓ ਅਮਰਗੜ੍ਹ ਨੇ ਇਹ ਵੀ ਦੱਸਿਆ ਕਿ ਮਲੇਰਕੋਟਲਾ ਜ਼ਿਲ੍ਹੇ ਦੇ ਕਈ ਹੋਰਨਾਂ ਸਕੂਲਾਂ ਨੂੰ ਵੀ ਅਜਿਹੇ ਧਮਕੀ ਭਰੇ ਈਮੇਲ ਮਿਲੇ ਹਨ। ਉਨ੍ਹਾਂ ਕਿਹਾ ਕਿ ਐਂਟੀ ਸਾਬੋਟੇਜ ਟੀਮ ਨੇ ਪੂਰੇ ਸਕੂਲ ਕੰਪਲੈਕਸ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਹੈ,ਪਰ ਕੋਈ ਵੀ ਸ਼ੱਕੀ ਵਸਤੂ ਬ੍ਰਾਮਦ ਨਹੀਂ ਹੋਈ।ਉਨ੍ਹਾਂ ਕਿਹਾ ਕਿ ਸਰਚ ਅਭਿਆਨ ਕਰਨ ਨਾਲ ਸਕੂਲ ਸਟਾਫ ਅਤੇ ਵਿਦਿਆਰਥੀਆਂ ਵਿੱਚ ਧਮਕੀ ਭਰੀ ਮੇਲ ਆਉਣ ਤੋਂ ਬਾਅਦ ਜੋ ਡਰ ਅਤੇ ਸਹਿਮ ਦਾ ਮਹੌਲ ਪੈਦਾ ਹੋਇਆ ਸੀ ਉਹ ਹੁਣ ਖ਼ਤਮ ਹੋ ਜਾਵੇਗਾ।ਥਾਣਾ ਮੁੱਖੀ ਇੰਸ.ਬਲਜੀਤ ਸਿੰਘ ਨੇ ਮੀਡੀਆ ਰਾਹੀਂ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਅਜਿਹੀਆਂ ਫੋਕੀਆਂ ਤੇ ਝੂਠੀਆਂ ਅਫਵਾਹਾਂ ਵੱਲ ਬਹੁਤਾ ਧਿਆਨ ਨਾ ਦੇਣ ਅਤੇ ਸ਼ਾਂਤੀ ਬਣਾਈ ਰੱਖਣ। ਇਸ ਮੌਕੇ ਸਕੂਲ ਚੇਅਰਮੈਨ ਆਰ.ਪੀ. ਗੋਇਲ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਸਾਡੇ ਲਈ ਸਭ ਤੋਂ ਜਿਆਦਾ ਮਹੱਤਵ ਰੱਖਦੀ ਹੈ, ਜਿਸ ਨੂੰ ਲੈਕੇ ਸਕੂਲ ਪ੍ਰਬੰਧਨ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਨਾਲ ਨਜਿੱਠਣ ਲਈ ਪੂਰੀ ਚੌਕਸੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਹੈ,ਸਕੂਲ ਕੰਪਲੈਕਸ ਵਿੱਚ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਕੀਤੇ ਜਾਣਗੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਅਫਵਾਹਾਂ ਦੀ ਪਰਵਾਹ ਨਾ ਕਰਨ, ਪ੍ਰਸ਼ਾਸਨ ਨਾਲ ਸਹਿਯੋਗ ਕਰਨ। ਇਸ ਮੌਕੇ ਚੇਅਰਮੈਨ ਆਰ ਪੀ ਗੋਇਲ, ਐਮ.ਡੀ.ਬਲਦੇਵ ਕੁਮਾਰ, ਮੈਨੇਜਮੈਂਟ ਮੈਂਬਰ ਸੁਰਿੰਦਰ ਪਾਲ ਜੁੱਗੀ, ਪ੍ਰਿੰਸੀਪਲ ਡਾ ਗੁਰਦੀਪ ਸਿੰਘ, ਜਸਵੀਰ ਸਿੰਘ ਜੱਸੀ, ਜੱਗੀ ਸਿੰਘ ਹੀਰਾ ਇੰਟਰਨੈਸਨਲ ਗਰੁੱਪ ਅਮਰਗੜ੍ਹ, ਡਾ ਪ੍ਰਿੰਕਲ,ਵਰੁਣ ਸਿੰਗਲਾ, ਹੈਪੀ ਜਿੰਦਲ, ਮਣੀ, ਸਤਵਿੰਦਰ ਸਿੰਘ ਮੋਨਾ,ਇਲਾਕੇ ਦੀਆਂ ਨਾਮਵਰ ਸ਼ਖਸ਼ੀਅਤਾਂ,ਪੁਲਿਸ ਅਧਿਕਾਰੀ ਅਤੇ ਸਕੂਲ ਸਟਾਫ਼ ਮੌਜੂਦ ਸਨ।

# ਜਰੂਰੀ ਨਹੀਂ ਹਰ ਜਗ੍ਹਾ ਖਾਮੋਸ਼ ਰਹੋ

ਜੀਵਨ ਦੀ ਇਸ ਤੇਜ਼-ਤਰਾਰ ਦੁਨੀਆਂ ਵਿੱਚ,ਸ਼ਬਦ ਹੀ ਰਾਜ ਕਰਦੇ ਹਨ।ਆਮ ਗੱਲਬਾਤ ਕਰਨ ਦੀ ਬਜਾਇ,ਹਰ ਕੋਈ ਆਪਣੇ ਹੀ ਵਿਚਾਰ ਪ੍ਰਗਟ ਕਰਨ,ਆਪਣੀ ਗੱਲਬਾਤ ਥੋਪਣ ਅਤੇ ਬਹਿਸ ਵਿੱਚ ਸ਼ਾਮਲ ਹੋਣ ਲਈ ਤਿਆਰ ਬੈਠਾ ਹੈ।ਸ਼ੋਸਲ ਮੀਡੀਆ ਦੇ ਇਸ ਯੁੱਗ ਵਿੱਚ,ਖਾਮੋਸ਼ੀ ਇਕ ਅਪਰਾਧੀ ਵਜੋਂ ਜਾਣੀ ਜਾਣ ਲੱਗੀ ਹੈ,ਇੰਝ ਲੱਗ ਰਿਹਾ ਜਿਵੇ ਕਿ ਖਾਮੋਸੀ ਇਕ ਸ਼ਬਦਾਂ ਦੀ ਘਾਟ ਦਾ ਪ੍ਰਤੀਕ ਬਣ ਕੇ ਰਹਿ ਗਈ ਹੈ।ਕੀ ਚੁੱਪ ਦਾ ਅਸਲ ਵਿੱਚ ਅਰਥ ਸ਼ਬਦਾਂ ਦੀ ਘਾਟ ਹੀ ਹੈ?ਜੇਕਰ ਆਪਾਂ ਡੂੰਘਾਈ ਨਾਲ ਸੋਚੀਏ ਤਾਂ ਇਸ ਤਰਾਂ ਬਿਲਕੁਲ ਵੀ ਨਹੀ ਹੈ।ਇਹ ਪੁਰਾਣੀ ਕਹਾਵਤ ਹੈ ਕਿ "ਖਾਮੋਸ ਰਹਿਣ ਦਾ ਮਤਲਬ ਸ਼ਬਦਾਂ ਦੀ ਘਾਟ ਨਹੀ ਹੁੰਦੀ " ਖਾਮੋਸ ਰਹਿਣ ਦਾ ਮਤਲਬ ਵੱਡਿਆਂ ਦਾ ਸਤਿਕਾਰ ਹੁੰਦਾ ਹੈ।ਇਹ ਲਾਇਨ ਨਾ ਸਿਰਫ਼ ਨਿੱਜੀ ਤਜ਼ਰਬੇ ਦੀ ਗਹਿਰਾਈ ਨੂੰ ਦਰਸਾਉਦੀ ਹੈ,ਅਤੇ ਮਨੁੱਖੀ ਰਿਸ਼ਤਿਆਂ ਵਿੱਚ ਸਤਿਕ-ਾਰ,ਸਹਿਜਤਾ ਅਤੇ ਸਮਝ ਦੀ ਮਹੱਤਤਾ ਨੂੰ ਵੀ ਦਰਸਾਉਦੀ ਹੈ। ਖਾਮੋਸੀ ਕਦੇ ਵੀ ਕਮਜੋਰੀ ਦੀ ਨਿਸ਼ਾਨੀ ਨਹੀ ਹੁੰਦੀ,ਸਗੋਂ ਇਹ ਸੱਭ ਤੋਂ ਮਜ਼ਬੂਤ ਪ੍ਰਤੀਕਿਰਿਆਂ ਹੁੰਦੀ ਹੈ,ਖਾਸ ਕਰਕੇ ਜਦੋਂ ਸ਼ਬਦਾਂ ਤੋਂ ਪਰੇ ਵਿਚਾਰਾਂ ਦੀ ਲੋੜ ਹੁੰਦੀ ਹੈ।

ਪੁਰਾਣੇ ਸਮ੍ਹੇਂ ਤੋਂ ਹੀ ਖਾਮੋਸੀ ਦਾ ਇਹ ਰੂਪ ਭਾਰਤੀ ਸਭਿਆਚਾਰ ਦਾ ਇਕ ਅਲੱਗ ਹੀ ਅੰਗ ਰਿਹਾ ਹੈ।ਇਹ ਵੀ ਕਿਹਾ ਜਾ ਰਿਹਾ ਹੈ ਕਿ ਸੱਚਾ ਬੁੱਧੀਮਾਨ ਚੁੱਪ ਬਣ ਕੇ ਸੱਭ ਕੁਝ ਸਮਝਾ ਦਿੰਦਾ ਹੈ।ਇੱਥੇ ਖਾਮੋਸੀ ਸਤਿਕਾਰ ਦਾ ਪ੍ਰਤੀਕ ਬਣ ਜਾਂਦੀ ਹੈ।ਜਦੋਂ ਕੁਝ ਗਲਤ-ਮਲਤ ਕਿਹਾ ਜਾ ਰਿਹਾ ਹੋਵੇ,ਜਾਂ ਜਦੋਂ ਕੋਈ ਗਰਮ ਬਹਿਸ ਹੋ ਰਹੀ ਹੋਵੇ,ਤਾਂ ਬੋਲਣ ਦੀ ਬਜਾਇ ਖਾਮੋਸ ਰਹਿਣਾ ਹੀ ਸਿਆਣਪ ਹੁੰਦੀ ਹੈ।ਮਨੋਵਿਗਿਆਨ ਵੀ ਇਸ ਦਾ ਸਮੱਰਥਨ ਕਰਦੀ ਹੈ।'ਕਾਰਲ ਜੰਗ' ਨੇ ਕਿਹਾ ਕਿ ਖਾਮੋਸੀ ਆਤਮਾ ਦਾ ਸੱਭ ਤੋਂ ਡੂੰਘਾ ਪ੍ਰਗਟਾਵਾ ਹੈ।ਅੱਜ ਦੇ ਯੁੱਗ ਵਿੱਚ ਜਿੱਥੇ ਸ਼ੋਸਲ ਮੀਡੀਆ ਤੇ ਬੇਲੋੜੇ ਕਿਸੇ ਨੂੰ ਪ੍ਰੇਸ਼ਾਨ ਕਰਨਾ ਅਤੇ ਵਿਵਾਦ ਪੈਦਾ ਕਰਨਾ ਆਮ ਜਿਹਾ ਹੋ ਗਿਆ ਹੈ,ਇਹ ਕਹਾਵਤ ਸਾਨੂੰ ਯਾਦ ਦਿਵਾਉਦੀ ਹੈ ਕਿ ਅੱਜ ਦੇ ਸਮੇਂ ਵਿੱਚ ਸਤਿਕਾਰ ਬਣਾਏ ਰੱਖਣਾ ਕਿੰਨਾ ਮੁਸ਼ਕਲ ਹੈ ਪਰ ਜਰੂਰੀ ਵੀ ਹੈ।

ਰਿਸ਼ਤਿਆਂ ਵਿੱਚ ਖਾਮੋਸੀ ਤੇ ਵਿਚਾਰ ਕੀਤਾ ਜਾ ਸਕਦਾ ਹੈ।ਪਰਿਵਾਰ ਵਿੱਚ ਪਤੀ ਪਤਨੀ ਵਿਚਕਾਰ ਜੇਕਰ ਕੋਈ ਮਾਮੂਲੀ ਝਗੜਾ ਹੁੰਦਾ ਹੈ ਤਾਂ ਝਗੜੇ ਨੂੰ ਵਧਾਉਣ ਦੀ ਬਜਾਇ ਖਾਮੋਸ ਰਹਿਣ ਵੀ ਇਕ ਸਿਆਣਪ ਦੀ ਨਿਸ਼ਾਨੀ ਹੈ।ਮਾਪੇ ਆਪਣੇ ਬੱਚਿਆਂ ਦੀ ਜਿੱਦ ਅਤੇ ਉਹਨਾਂ ਦੇ ਗੁੱਸੇ ਅੱਗੇ,ਗੁੱਸੇ ਹੋਣ ਦੀ ਬਜਾਏ ਖਾਮੋਸ ਰਹਿਣਾ ਹੀ ਠੀਕ ਸਮਝਦੇ ਹਨ,ਕਿਓਕਿ ਉਹ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦੇ ਹਨ।ਇਹੀ ਗੱਲ ਆਪੋ ਆਪਣੀ ਦੋਸਤੀ ਤੇ ਵੀ ਲਾਗੂ ਹੁੰਦੀ ਹੈ।ਜਦੋਂ ਕੋਈ ਦੋਸਤ ਕੋਈ ਵੀ ਗਲਤੀ ਕਰਦਾ ਹੈ ਤਾਂ ਤਾਂ ਖਾਮੋਸ ਰਹਿਣਾ ਅਤੇ ਸਖਤ ਸ਼ਬਦਾਂ ਨਾਲ ਉਸ ਨੂੰ ਨੀਵਾਂ ਨਾ ਦਿਖਾਉਣਾ ਆਪਣਿਆਂ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਦਾ ਹੈ।

ਇੰਝ ਸੱਚਾਈ ਸਮਾਜ ਵਿੱਚ ਵੀ ਸਪੱਸ਼ਟ ਹੈ ਕਿ ਜਦੋਂ ਸਿਆਸਤਦਾਨ,ਨੇਤਾ ਜਾਂ ਸਮਾਜਿਕ ਮੁੱਦਿਆ ਨੂੰ ਚੁੱਕਣ ਵਾਲੇ ਖਾਮੋਸ ਹੀ ਰਹਿੰਦੇ ਹਨ। ਪਰ ਸੱਚਾਈ ਇਹ ਹੈ ਕਿ ਸਤਿਕਾਰ ਬਣਾਈ ਰੱਖਣ ਲਈ ਖਾਮੋਸੀ ਜਰੂਰੀ ਹੈ।ਕਿਸੇ ਦੀਆਂ ਜਾਂ ਆਪਣੇ ਰਿਸ਼ਤੇਦਾਰਾਂ ਦੀਆਂ ਇਧਰ ਉਧਰਲੀ ਕਰਨ ਨਾਲੋਂ ਖਾਮੋਸ ਰਹਿਣਾ ਹੀ ਬਿਹਤਰ ਰਹੇਗਾ।ਜਦੋਂ ਅਸੀ ਕਿਸੇ ਨਾਲ ਕੋਈ ਗੱਲ ਕਰਦੇ ਹਾਂ ਤਾਂ ਕੋਈ ਨਾ ਕੋਈ ਇਧਰ ਉਧਰਲੀ ਗੱਲ ਹੋ ਜਾਂਦੀ ਹੈ ਉਹਦੇ ਨਾਲ ਫਿਰ ਕਲੇਸ਼ ਵੱਧਦਾ ਹੈ ਜਿਹਦੇ ਨਾਲ ਫਿਰ ਯਾਰੀ ਦੋਸਤੀ ਵਿੱਚ,ਰਿਸ਼ਤੇਦਾਰੀਆਂ ਵਿੱਚ ਖਿਚਾਤਾਣ ਵੱਧਦੀ ਹੈ ਉਸ ਦੇ ਨਾਲ ਗੱਲ ਕਰਨਾ ਵੀ ਚੰਗਾ ਨਹੀ ਸਮਝਦੇ ਇਸ ਲਈ ਖਾਮੋਸ ਰਹਿਣਾ ਹੀ ਸੱਭ ਨਾਲੋ ਬਿਹਤਰ ਹੈ।

ਕੰਮਾਂ ਵਾਲੀ ਜਗ੍ਹਾ ਤੇ ਖਾਮੋਸ ਰਹਿਣਾ ਹੋਰ ਵੀ ਜਰੂਰੀ ਹੈ।ਕਾਰਪੋਰੇਟ ਜਗਤ ਵਿੱਚ ਇਕ ਦੂਜੇ ਦੀਆਂ ਗੱਲਾਂ ਕਰਨ ਦਾ ਬਹੁਤ ਭਰਮਾਰ ਹੁੰਦੀ ਹੈ ਪਰ ਸਿਰਫ਼ ਉਹੀ ਵਧੀਆ ਰਹਿੰਦੇ ਹਨ ਜੋ ਖਾਮੋਸ ਰਹਿੰਦੇ ਹਨ,ਸਿਰਫ਼ ਸੁਣਦੇ ਹੈ,ਸੱਚੀ ਸੁੱਚੀ ਅਗਵਾਈ ਕਰਦੇ ਹਨ।ਇਹ ਵੀ ਦੇਖੋ ਦੇਖੀ ਫ਼ਿਰ ਖਾਮੋਸ਼ੀ ਸਾਰਿਆਂ ਲਈ ਇਕ ਰਣਨੀਤੀ ਬਣ ਜਾਦੀ ਹੈ।ਜੋ ਰਣਨੀਤੀ ਬਣਾ ਲੇਦੇ ਹਨ,ਜਾਂ ਰਣਨੀਤੀ ਬਣਾ ਕੇ ਚੱਲਦੇ ਹਨ ਉਹ ਆਮ ਨਾਲੋ ਜਿਆਦਾ ਕਾਮਯਾਬ ਹੁੰਦੇ ਹਨ,ਜਿੱਥੇ ਸਾਥੀ ਆਪਣੇ ਸਾਥੀਆਂ ਦੀ ਆਲੋਚਨਾ ਕਰ ਰਹੇ ਹੁੰਦੇ ਹਨ ਉਥੇ ਵੱਡੇ ਅਧਿਕਾਰੀ ਪ੍ਰਸੰਸਾ ਗਾ ਰਹੇ ਹੁੰਦੇ ਹਨ।ਇਸ ਲਈ ਖਾਮੋਸ਼ ਰਹਿਣਾ ਸਤਿਕ-ਾਰ ਦਰਸਾਉਦਾ ਹੈ।

ਸਾਹਿਤ ਅਤੇ ਕਲਾ ਵਿੱਚ ਖਾਮੋਸ਼ ਨੂੰ ਵਿਚਾਰ ਦਾ ਸਿਖਰ ਦਰਸਾਇਆ ਗਿਆ ਹੈ।ਕਬੀਰ ਸਾਹਿਬ ਨੇ ਕਿਹਾ ਸੀ ਕਿ "ਖਾਮੋਸ਼ ਸ਼ਬਦ ਸਾਰੇ ਸ਼ਬਦਾਂ ਨਾਲੋ ਬਿਹਤਰ ਗਿਣਿਆ ਗਿਆ ਹੈ"ਉਹਨਾਂ ਦੇ ਦੋਹੇ ਵੀ ਖਾਮੋਸ਼ੀ ਦੀ ਸ਼ਕਤੀ ਦੇ ਆਧਾਰਤ ਹੀ ਹੁੰਦੇ ਹਨ।ਬਹੁਤ ਸਾਰੀਆਂ ਕਹਾਣੀਆਂ ਵਿੱਚ ਆਇਆ ਹੈ ਕਿ ਪਿੰਡ ਦੇ ਗਰੀਬ ਲੋਕ ਖਾਮੋਸ਼ ਰਹਿ ਕੇ ਹੀ ਸੱਭ ਕੁਝ ਸਹਿਣ ਕਰਦੇ ਰਹੇ,ਕਿਉਕਿ ਉਨਾਂ ਨੂੰ ਸਮਾਜ ਪ੍ਰਤੀ ਸਤਿਕਾਰ ਸੀ।ਹਾਲਾਂਕਿ,ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਸਮਾਜ ਪ੍ਰਤੀ ਵਿਚਾਰ ਸਿਰਫ਼ ਤਾਂ ਹੀ ਹੋ ਸਕਦਾ ਹੈ ਜੇਕਰ ਫੈਸਲੇ ਦੇ ਵਿਰੁਧ ਖਾਮੋਸ਼ ਰਹਿਣ ਦੇ ਹਾਲਾਤ ਫਿਰਕਰਮੰਦ ਨਾ ਹੋਣ।

ਖਾਮੋਸੀ ਦੀ ਆਪਣੀ ਹੀ ਸੀਮਾ ਹੁੰਦੀ ਹੈ,ਪਰ ਖਾਮੋਸ਼ੀ ਹਰ ਸਥਿੱਤੀ ਵਿੱਚ ਵੀ ਠੀਕ ਨਹੀ ਹੁੰਦੀ।ਜਦੋਂ ਕਿਤੇ ਬੇਇਨਸਾਫ਼ੀ ਹੁੰਦੀ ਹੈ ਜਾਂ ਜਦੋਂ ਕਿਤੇ ਜੁਲਮ ਹੁੰਦਾ ਹੈ ਤਾਂ ਇਹ ਖਾਮੋਸ਼ੀ ਕਾਇਰਤਾ ਬਣ ਜਾਦੀ ਹੈ।ਪਰ ਸਾਹਮਣੇ ਕਿਸੇ ਤੇ ਹੁੰਦਾ ਜੁਲਮ ਦੇਖ ਕੇ ਖਾਮੋਸ਼ ਰਹਿਣਾ ਵੀ ਇਕ ਵੱਡਾ ਅਪਰਾਧ ਹੁੰਦਾ ਹੈ।ਇਸ ਲਈ ਖਾਮੋਸ਼ ਰਹਿਣ ਲੱਗਿਆਂ ਵੀ ਇਹ ਸਾਰਾ ਕੁਝ ਦੇਖਣਾ ਚਾਹੀਦਾ ਹੈ।ਇਸ ਗੱਲ ਤੇ ਗਹਿਰੀ ਵਿਚਾਰ ਹੋਣੀ ਚਾਹੀਦੀ ਹੈ,ਵਿਚਾਰ ਕਰਨਾ ਕੋਈ ਗੁਨਾਹ ਨਹੀ ਹੁੰਦਾ,ਪਰ ਸਾਹਮਣੇ ਜੁਲਮ ਹੁੰਦਾ ਦੇਖ ਕੇ ਅੱਖਾਂ ਬੰਦ ਕਰ ਲੈਣੀਆਂ ਇਹ ਜੁਲਮ ਹੈ।ਯੋਗਾ 'ਖਾਮੋਸ਼ ਚਿੰਤਨ' ਸਿਖਾਉਦਾ ਹੈ,ਮਤਲਬ ਕਿ ਖਾਮੋਸ਼ ਰਹਿਣਾ ਅਤੇ ਆਪਣੇ ਅੰਦਰ ਨੂੰ ਝੰਝੋੜਣਾ,ਇਹ ਵਿਅਕਤੀ ਨੂੰ ਸੁਧ ਬਣਾਉਦਾ ਹੈ।ਹਾਲਾਂਕਿ ਅੱਜ ਦੇ ਡਿਜ਼ੀਟਲ ਯੁੱਗ ਵਿੱਚ,ਖਾਮੋਸ਼ੀ ਨੂੰ ਚੁਣਨਾ ਹੋਰ ਵੀ ਜਿਆਦਾ ਮੁਸ਼ਕਲ ਹੁੰਦਾ ਹੈ।ਵਟਸਐਪ ਗਰੁੱਪ ਅਤੇ ਹੋਰ ਸ਼ੋਸਲ ਮੀਡੀਆ ਬਹਿਸਾਂ ਅਕਸਰ ਤੁਰੰਤ ਜਵਾਬ ਦੇਣ 'ਤੇ ਦਬਾਅ ਪਾਉਦੀਆਂ ਹਨ,ਪਰ ਸਿਆਣਾ ਵਿਅਕਤੀ ਉਹ ਹੁੰਦਾ ਹੈ ਜੋ ਸੱਭ ਕੁੱਝ ਪੜ੍ਹਣ ਤੋਂ ਬਾਅਦ ਵੀ ਖਾਮੋਸ਼ ਰਹਿੰਦਾ ਹੈ।ਦਰਅਸਲ,ਖਾਮੋਸ਼ ਉਹ ਹੈ ਜਿਸ ਨਾਲ ਅਸੀ ਆਪਣੇ ਆਪ ਨੂੰ,ਆਪਣੇ ਰਿਸ਼ਤਿਆਂ ਅਤੇ ਸਮਾਜ ਨੂੰ ਪੱਕਾ ਕਰਦੇ ਹਾਂ।ਇਹ ਨਾ ਸਿਰਫ਼ ਨਿੱਜ਼ੀ ਵਿਕਾਸ ਦਾ ਸਾਂਧਨ ਹੈ,ਸਗੋਂ ਸਮਾਜਿਕ ਸ਼ਾਂਤੀ ਦਾ ਪ੍ਰਤੀਕ ਵੀ ਹੈ।ਜਦੋਂ ਵੀ ਇਸ ਵਿਸ਼ੇ 'ਤੇ ਕੋਈ ਬਹਿਸ ਹੁੰਦੀ ਹੈ ਤਾਂ ਇਹ ਵਿਚਾਰ ਕਰਨਾ ਜਰੂਰੀ ਹੈ ਕਿ ਸ਼ਬਦ ਜਰੂਰੀ ਹਨ ਜਾਂ ਖਾਮੋਸ਼ੀ ਜਰੂਰੀ ਹੈ।ਜਿਹੜਾ ਇਸ ਨਿਯਮਾਂ ਦੀ ਪਾਲਣਾ ਕਰ ਗਿਆ ਉਹ ਆਪਣਾ ਜੀਵਨ ਅਮੀਰੀ ਵਿੱਚ ਬਤੀਤ ਕਰ ਗਿਆ।



**ਅਮਰਜੀਤ ਚੰਦਰ**
**ਲੁਧਿਆਣਾ**

## (ਭਲਾਈ ਕਦੇ ਵਿਅਰਥ ਨਹੀਂ ਜਾਂਦੀ)

ਭਲੇ ਦਾ ਕੀਤਾ ਕੰਮ, ਲੋਕੀਂ ਹਮੇਸ਼ਾ ਨੇ ਯਾਦ ਰੱਖਦੇ। ਹੇਰਾਫੇਰੀਆਂ ਦੇ ਮਸਲੇ ਨਿੱਤ ਰਹਿੰਦੇ ਭੱਖਦੇ। ਹੇਰਾਫੇਰੀ ਦਾ ਲਾਲਚ, ਨਹੀਂ ਕੋਈ ਤਿਆਗ ਸਕਦਾ। ਕਿਸੇ ਦਾ ਨੁਕਸਾਨ ਹੁੰਦਾ,ਪਿਆ ਹੋਵੇ, ਅਜਿਹੀ ਸੋਚ ਤੋਂ, ਨਹੀਂ ਥੱਕਦਾ। ਜਿਹੜੇ ਪੂੰਜੀਪਤੀ ਲੋਕ ਅਪਣੇ ਕਾਮਿਆਂ ਦੀ ਭਲਾਈ ਸੋਚਦੇ, ਮੁਨਾਫਿਆਂ ਨੂੰ ਘਟਾਕੇ, ਉਨ੍ਹਾਂ ਵਿੱਚ ਵੰਡਦੇ। ਰਲਮਿਲ ਰਹਿਣ ਦੇ ਅਸੂਲ, ਕਦੇ ਨ੍ਹੀਂ ਉਲੰਘਦੇ। ਵੰਡ ਖਾਓ, ਖੰਡ ਖਾਓ ਦੇ ਸੁਨਹਿਰੀ ਅਸੂਲ ਤੇ ਚਲਦੇ।ਭਲਾ ਕਰਨ ਦੇ ਵਿੱਚ ਹੀ ਭਲਾਈ ਹੁੰਦੀ, ਆਉਣ ਵਾਲੀਆਂ ਪੀੜ੍ਹੀਆਂ ਲਈ ਵਧੀਆ ਸੁਨੇਹਾ ਘੱਲਦੇ। ਇਤਿਹਾਸ ਨੂੰ ਦੇਖੀਏ ਜੇ ਫਰੋਲ ਕੇ, ਪਰਉਪਕਾਰੀਆਂ ਦੇ ਕੰਮ ਨੇ ਬੋਲਦੇ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਦਿੱਤੀ ਸੀ ਖੜਕਾ। ਬੰਦਾ ਬੈਰਾਗੀ ਨੂੰ, ਲੋਕ ਭਲਾਈ ਕਰਨ ਵਾਲਾ, ਸਿੰਘ ਸੀ ਦਿੱਤਾ ਸਜਾ। ਲੁਟੇਰੇ ਅਹਿਮਦ ਸ਼ਾਹ ਦੁਰਾਨੀ ਵਰਗੇ ਦਿੱਤੇ ਭਜਾ।






ਦੂਸਰਿਆਂ ਦੇ ਧਰਮਾਂ ਨੂੰ ਖਤਮ ਕਰਨ ਵਾਲਿਆਂ ਤੋਂ, ਗੁਰੂ ਸਾਹਿਬਾਨ ਨੇ ਅਪਣੀ ਹਸਤੀ ਮਿਟਾ ਕੇ ਕਸ਼ਮੀਰੀ ਪੰਡਿਤ ਲਏ ਸੀ ਬਚਾਅ। ਸਰਬੰਸ ਕੁਰਬਾਨ ਕਰਕੇ, ਧਾੜਵੀਆਂ ਤੋਂ ਹਿੰਦੁਸਤਾਨ ਲਿਆ ਬਚਾਅ।

**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ।**
**ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ :**
**9878469639**





# ਪੰਜਾਬ ਦਾ ਜਲ ਸੰਕਟ



ਪੰਜਾਬ ਨੂੰ ਕਦੇ ਭਾਰਤ ਦਾ ਅੰਨ ਭੰਡਾਰ ਕਿਹਾ ਜਾਂਦਾ ਸੀ, ਪਰ ਅੱਜ ਇਹੀ ਧਰਤੀ ਇੱਕ ਗੰਭੀਰ ਭੂਗਰਭ ਜਲ ਸੰਕਟ ਦਾ ਸਾਹਮਣਾ ਕਰ ਰਹੀ ਹੈ। ਜਿਸ ਰਾਜ ਨੇ ਦੇਸ਼ ਦੀ ਭੁੱਖ ਮਿਟਾਉਣ ਵਿੱਚ ਇਤਿਹਾਸਕ ਭੂਮਿਕਾ ਨਿਭਾਈ, ਉਹੀ ਅੱਜ ਆਪਣੇ ਲੋਕਾਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਸੰਘਰਸ਼ ਕਰ ਰਿਹਾ ਹੈ। ਇੱਕ ਪਾਸੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ, ਦੂਜੇ ਪਾਸੇ ਉਦਯੋਗਿਕ ਗੰਦਗੀ, ਰਸਾਇਣਕ ਪਦਾਰਥਾਂ, ਘਰੇਲੂ ਕੂੜਾ ਅਤੇ ਬਿਨਾਂ ਸਫ਼ਾਈ ਕੀਤੇ ਗੰਦੇ ਪਾਣੀ ਦਾ ਧਰਤ ਵਿੱਚ ਸਮਾਉਣ ਕਾਰਨ ਇਹ ਪਾਣੀ ਮਨੁੱਖੀ ਵਰਤੋਂ ਲਈ ਅਸੁਰੱਖਿਅਤ ਬਣਦਾ ਜਾ ਰਿਹਾ ਹੈ।

ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਭੂਗਰਭ ਜਲ ਦਾ ਪੱਧਰ ਚਿੰਤਾਜਨਕ ਹੱਦ ਤੱਕ ਹੇਠਾਂ ਚਲਾ ਗਿਆ ਹੈ। ਕਿਸਾਨਾਂ ਨੂੰ ਹੁਣ ਪਾਣੀ ਪ੍ਰਾਪਤ ਕਰਨ ਲਈ ਸੈਂਕੜੇ ਫੁੱਟ ਡੂੰਘੇ ਬੋਰ ਕਰਨੇ ਪੈਂਦੇ ਹਨ। ਇਸਦੇ ਨਾਲ ਹੀ ਪਾਣੀ ਦੀ ਗੁਣਵੱਤਾ ਵੀ ਲਗਾਤਾਰ ਖ਼ਰਾਬ ਹੋ ਰਹੀ ਹੈ ਕਿਉਂਕਿ ਇਸ ਵਿੱਚ ਪ੍ਰਦੂਸ਼ਕ ਅਤੇ ਜ਼ਹਿਰੀਲੇ ਤੱਤ ਵਧ ਰਹੇ ਹਨ।

ਇਸ ਸੰਕਟ ਦੀਆਂ ਜੜ੍ਹਾਂ 1960 ਅਤੇ 1970 ਦੇ ਦਹਾਕਿਆਂ ਦੀ ਹਰੀ ਕ੍ਰਾਂਤੀ ਨਾਲ ਜੁੜੀਆਂ ਹੋਈਆਂ ਹਨ। ਦੇਸ਼ ਦੀ ਖਾਦ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬ ਨੂੰ ਵੱਡੇ ਪੱਧਰ 'ਤੇ ਕਣਕ ਅਤੇ ਝੋਨਾ ਉਗਾਉਣ ਲਈ ਪ੍ਰੋਤਸਾਹਿਤ ਕੀਤਾ ਗਿਆ। ਇਸ ਨਾਲ ਭਾਵੇਂ ਦੇਸ਼ ਅਨਾਜ ਵਿੱਚ ਖ਼ੁਦਨਿਰਭਰ ਹੋ ਗਿਆ, ਪਰ ਝੋਨੇ ਦੀ ਫ਼ਸਲ ਲਈ ਬੇਹੱਦ ਪਾਣੀ ਦੀ ਲੋੜ ਹੋਣ ਕਰਕੇ ਭੂਗਰਭ ਜਲ ਦੀ ਲੋੜ ਤੋਂ ਵੱਧ ਵਰਤੋਂ ਹੋਈ। ਕਿਸਾਨਾਂ ਨੂੰ ਟਿਊਬਵੈੱਲਾਂ ਲਈ ਮੁਫ਼ਤ ਜਾਂ ਸਬਸਿਡੀ ਵਾਲੀ ਬਿਜਲੀ ਦਿੱਤੀ ਗਈ, ਜਿਸ ਨਾਲ ਜ਼ਮੀਨ ਹੇਠਲੇ ਪਾਣੀ ਦੀ ਬੇਰੋਕ ਖਪਤ ਵੱਧਦੀ ਗਈ। ਸਮੇਂ ਦੇ ਨਾਲ ਪਾਣੀ ਦਾ ਪੱਧਰ ਡਿੱਗਦਾ ਰਿਹਾ, ਪਰ ਨਾ ਤਾਂ ਲੰਬੇ ਸਮੇਂ ਲਈ ਪਾਣੀ ਸੰਭਾਲਣ ਦੀ ਯੋਜਨਾ ਬਣੀ ਅਤੇ ਨਾ ਹੀ ਫ਼ਸਲੀ ਵੱਖਰਾਪਣ ਵੱਲ ਗੰਭੀਰ ਧਿਆਨ ਦਿੱਤਾ ਗਿਆ।

ਉਦਯੋਗਿਕ ਵਿਕਾਸ ਨੇ ਪੰਜਾਬ ਦੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ, ਪਰ ਕਮਜ਼ੋਰ ਯੋਜਨਾਬੰਦੀ ਅਤੇ ਵਾਤਾਵਰਣੀ ਨਿਯੰਤਰਣ ਦੀ ਘਾਟ ਨੇ ਜਲ ਸਰੋਤਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ। ਲੁਧਿਆਣਾ, ਜਲੰਧਰ, ਮੰਡੀ ਗੋਬਿੰਦਗੜ੍ਹ ਅਤੇ ਬਟਾਲਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਭੂਗਰਭ ਜਲ ਪ੍ਰਦੂਸ਼ਣ ਗੰਭੀਰ ਰੂਪ ਧਾਰ ਚੁੱਕਾ ਹੈ।

ਕਈ ਫੈਕਟਰੀਆਂ ਬਿਨਾਂ ਸਫ਼ਾਈ ਕੀਤੇ ਰਸਾਇਣਕ ਕੂੜੇ ਨੂੰ ਨਾਲਿਆਂ, ਦਰਿਆਵਾਂ ਅਤੇ ਖੁੱਲ੍ਹੀ ਜ਼ਮੀਨ ਵਿੱਚ ਸੁੱਟ ਰਹੀਆਂ ਹਨ। ਸੀਸਾ, ਪਾਰਾ, ਆਰਸੇਨਿਕ, ਕ੍ਰੋਮਿਯਮ ਅਤੇ ਹੋਰ ਜ਼ਹਿਰੀਲੇ ਧਾਤੂ ਤੱਤ ਭੂਗਰਭ ਜਲ ਵਿੱਚ ਮਿਲ ਚੁੱਕੇ ਹਨ।

ਲੁਧਿਆਣੇ ਦਾ ਪ੍ਰਦੂਸ਼ਿਤ ਬੁੱਢਾ ਨਾਲਾ ਉਦਯੋਗਿਕ ਲਾਪਰਵਾਹੀ ਦਾ ਪ੍ਰਤੀਕ ਬਣ ਚੁੱਕਿਆ ਹੈ। ਇਲਾਕੇ ਦੇ ਲੋਕਾਂ ਵੱਲੋਂ ਬਦਬੂਦਾਰ ਅਤੇ ਰੰਗ ਬਦਲ ਚੁੱਕੇ ਪਾਣੀ ਦੀਆਂ ਸ਼ਿਕਾਇਤਾਂ ਲਗਾਤਾਰ ਕੀਤੀਆਂ ਜਾਂਦੀਆਂ ਹਨ। ਨਾਲ ਹੀ ਕੈਂਸਰ, ਚਮੜੀ ਰੋਗਾਂ ਅਤੇ ਹੋਰ ਬਿਮਾਰੀਆਂ ਦੇ ਮਾਮਲੇ ਵੀ ਵੱਧ ਰਹੇ ਹਨ।

ਪੰਜਾਬ ਦੇ ਭੂਗਰਭ ਜਲ ਦੀ ਮੌਜੂਦਾ ਸਥਿਤੀ ਦਹਾਕਿਆਂ ਤੋਂ ਚੱਲ ਰਹੇ ਪਾਣੀ ਦੀ ਲੋੜੋਂ ਵੱਧ ਵਰਤੋਂ, ਕਮਜ਼ੋਰ ਯੋਜਨਾਬੰਦੀ ਅਤੇ ਦੂਰਅੰਦੇਸ਼ੀ ਦੀ ਘਾਟ ਦਾ ਨਤੀਜਾ ਹੈ। ਖੇਤੀ ਉਤਪਾਦਨ ਵਧਾਉਣ 'ਤੇ ਜ਼ੋਰ ਤਾਂ ਦਿੱਤਾ ਗਿਆ, ਪਰ ਪਾਣੀ ਦੇ ਟਿਕਾਊ ਪ੍ਰਬੰਧਨ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਉਦਯੋਗਾਂ ਨੂੰ ਵੀ ਬਿਨਾਂ ਸਖ਼ਤ ਨਿਗਰਾਨੀ ਦੇ ਫੈਲਣ ਦੀ ਆਜ਼ਾਦੀ ਮਿਲਦੀ ਰਹੀ।

ਅੱਜ ਭਾਵੇਂ ਪਾਣੀ ਸੰਭਾਲ ਲਈ ਕਈ ਜਾਗਰੂਕਤਾ ਮੁਹਿੰਮਾਂ ਅਤੇ ਕਾਨੂੰਨ ਬਣਾਏ ਜਾ ਰਹੇ ਹਨ, ਪਰ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਅਤੇ ਅਮਲੀ ਰੂਪ ਵਿੱਚ ਲਾਗੂ ਕਰਨਾ ਅਜੇ ਵੀ ਵੱਡੀ ਚੁਣੌਤੀ ਬਣੀ ਹੋਈ ਹੈ। ਗੈਰਕਾਨੂੰਨੀ ਤਰੀਕੇ ਨਾਲ ਭੂਗਰਭ ਜਲ ਦੀ ਵਰਤੋਂ, ਬਿਨਾਂ ਸਫ਼ਾਈ ਕੀਤਾ ਉਦਯੋਗਿਕ ਗੰਦਾ ਪਾਣੀ ਅਤੇ ਖ਼ਰਾਬ ਸੀਵਰੇਜ ਪ੍ਰਬੰਧ ਅਜੇ ਵੀ ਕਈ ਇਲਾਕਿਆਂ ਵਿੱਚ ਜਾਰੀ ਹਨ। ਰਾਜਨੀਤਿਕ ਇੱਛਾ ਸ਼ਕਤੀ ਦੀ ਘਾਟ ਅਤੇ ਕਮਜ਼ੋਰ ਕਾਰਵਾਈ ਕਾਰਨ ਇਹ ਸਮੱਸਿਆ ਹਰ ਸਾਲ ਹੋਰ ਗੰਭੀਰ ਹੁੰਦੀ ਜਾ ਰਹੀ ਹੈ।

ਪ੍ਰਦੂਸ਼ਿਤ ਪਾਣੀ ਲੋਕ ਸਿਹਤ ਲਈ ਵੀ ਵੱਡਾ ਖ਼ਤਰਾ ਬਣ ਚੁੱਕਾ ਹੈ। ਪੰਜਾਬ ਦੇ ਕਈ ਖੇਤਰਾਂ ਵਿੱਚ ਕੈਂਸਰ, ਗੁਰਦੇ ਦੀਆਂ ਬਿਮਾਰੀਆਂ, ਚਮੜੀ ਰੋਗ, ਪੇਟ ਦੀਆਂ ਬਿਮਾਰੀਆਂ ਅਤੇ ਹੱਡੀਆਂ ਨਾਲ ਸੰਬੰਧਿਤ ਸਮੱਸਿਆਵਾਂ ਦੇ ਮਾਮਲੇ ਵੱਧ ਰਹੇ ਹਨ।

ਪੀਣ ਵਾਲੇ ਪਾਣੀ ਵਿੱਚ ਮੌਜੂਦ ਭਾਰੀ ਧਾਤਾਂ ਅਤੇ ਜ਼ਹਿਰੀਲੇ ਰਸਾਇਣ ਦਿਮਾਗ, ਜਿਗਰ ਅਤੇ ਨਰਵਸ ਸਿਸਟਮ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਬੱਚੇ ਇਸਦੇ ਲੰਬੇ ਸਮੇਂ ਦੇ ਪ੍ਰਭਾਵਾਂ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਹਨ। ਗਰੀਬ ਪਰਿਵਾਰ ਸਭ ਤੋਂ ਵੱਧ ਪੀੜਤ ਹਨ ਕਿਉਂਕਿ ਉਹ ਨਾ ਤਾਂ ਸ਼ੁੱਧ ਪਾਣੀ ਖਰੀਦ ਸਕਦੇ ਹਨ ਅਤੇ ਨਾ ਹੀ ਮਹਿੰਗਾ ਇਲਾਜ਼ ਕਰਵਾ ਸਕਦੇ ਹਨ।

ਦੂਸ਼ਿਤ ਪਾਣੀ ਖੇਤੀਬਾੜੀ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ। ਜ਼ਹਿਰੀਲੇ ਰਸਾਇਣ ਮਿੱਟੀ ਦੀ ਉਪਜਾਊ ਸ਼ਕਤੀ ਘਟਾ ਰਹੇ ਹਨ ਅਤੇ ਫ਼ਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੋ ਰਹੀ ਹੈ। ਪ੍ਰਦੂਸ਼ਿਤ ਸਿੰਚਾਈ ਪਾਣੀ ਸਬਜ਼ੀਆਂ, ਅਨਾਜ਼ ਅਤੇ ਫਲਾਂ ਵਿੱਚ ਵੀ ਹਾਨੀਕਾਰਕ ਤੱਤ ਮਿਲਾ ਸਕਦਾ ਹੈ।

ਇਹ ਸੰਕਟ ਪਸ਼ੂਆਂ ਅਤੇ ਜਲ-ਜੀਵਨ 'ਤੇ ਵੀ ਗੰਭੀਰ ਅਸਰ ਪਾ ਰਿਹਾ ਹੈ। ਪ੍ਰਦੂਸ਼ਿਤ ਦਰਿਆਵਾਂ ਅਤੇ ਛੱਪੜਾਂ ਵਿੱਚ ਮੱਛੀਆਂ ਮਰ ਰਹੀਆਂ ਹਨ, ਜਦਕਿ ਦੂਸ਼ਿਤ ਪਾਣੀ ਪੀਣ ਵਾਲੇ ਪਸ਼ੂ ਗੰਭੀਰ ਬਿਮਾਰੀਆਂ ਅਤੇ ਬਾਂਝਪਨ ਦਾ ਸ਼ਿਕਾਰ ਹੋ ਸਕਦੇ ਹਨ। ਜਲ-ਥਲਾਂ 'ਤੇ ਨਿਰਭਰ ਪੰਛੀਆਂ ਅਤੇ ਜੰਗਲੀ ਜੀਵਾਂ ਲਈ ਵੀ ਸੁਰੱਖਿਅਤ ਆਵਾਸ ਘਟਦੇ ਜਾ ਰਹੇ ਹਨ।

ਪੰਜਾਬ ਦਾ ਭੂਗਰਭ ਜਲ ਸੰਕਟ ਹੁਣ ਸਿਰਫ਼ ਵਾਤਾਵਰਣੀ ਸਮੱਸਿਆ ਨਹੀਂ ਰਹਿ ਗਿਆ, ਸਗੋਂ ਇਹ ਲੋਕ ਸਿਹਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੱਡਾ ਖ਼ਤਰਾ ਬਣ ਚੁੱਕਾ ਹੈ। ਰਾਜ ਨੂੰ ਤੁਰੰਤ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਪਾਣੀ ਪ੍ਰਦੂਸ਼ਿਤ ਕਰਨ ਵਾਲੇ ਉਦਯੋਗਾਂ ਖ਼ਿਲਾਫ਼ ਸਖ਼ਤ ਕਾਰਵਾਈ, ਸੀਵਰੇਜ ਅਤੇ ਉਦਯੋਗਿਕ ਗੰਦਗੀ ਦਾ ਢੰਗ ਨਾਲ ਇਲਾਜ਼, ਫ਼ਸਲੀ ਵੱਖਰਾਪਣ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਭੂਗਰਭ ਜਲ ਰੀਚਾਰਜ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਲੋਕਾਂ ਵਿੱਚ ਪਾਣੀ ਬਚਾਉਣ ਲਈ ਜਾਗਰੂਕਤਾ ਪੈਦਾ ਕਰਨੀ ਅਤੇ ਵਾਤਾਵਰਣੀ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣੀ ਬਹੁਤ ਜ਼ਰੂਰੀ ਹੈ।

ਪੰਜਾਬ ਕਦੇ ਸਾਫ਼ ਪਾਣੀ ਅਤੇ ਉਪਜਾਊ ਧਰਤੀ ਲਈ ਮਸ਼ਹੂਰ ਸੀ। ਜੇਕਰ ਹੁਣ ਵੀ ਇਮਾਨਦਾਰੀ ਨਾਲ ਤੁਰੰਤ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਐਸਾ ਪੰਜਾਬ ਮਿਲ ਸਕਦਾ ਹੈ ਜਿੱਥੇ ਜ਼ਮੀਨ ਹੇਠ ਪਾਣੀ ਤਾਂ ਹੋਵੇਗਾ, ਪਰ ਉਹ ਪੀਣ ਯੋਗ ਨਹੀਂ ਰਹੇਗਾ।

ਭੂਗਰਭ ਜਲ ਦੀ ਰੱਖਿਆ ਸਿਰਫ਼ ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ। ਉਦਯੋਗਾਂ, ਕਿਸਾਨਾਂ ਅਤੇ ਆਮ ਲੋਕਾਂ ਨੂੰ ਮਿਲ ਕੇ ਪੰਜਾਬ ਦੇ ਇਸ ਸਭ ਤੋਂ ਕੀਮਤੀ ਕੁਦਰਤੀ ਸਰੋਤ ਨੂੰ ਬਚਾਉਣਾ ਹੋਵੇਗਾ, ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ ।**

# ਲੰਗਰ ਬਣਾਉਣ ਲਈ ਘਟ ਰਹੀ ਸੇਵਾ ਭਾਵਨਾ



ਲੰਗਰ ,ਸਾਂਝੀ ਰਸੋਈ ਲਈ ਵਰਤਿਆ ਜਾਣ ਵਾਲਾ ਉਹ ਪਵਿੱਤਰ ਸ਼ਬਦ ਹੈ, ਜਿਸ ਅਨੁਸਾਰ ਗੁਰੂ ਘਰ ਵਿੱਚ ਬਿਨਾਂ ਕਿਸੇ ਜਾਤ -ਪਾਤ,ਰੰਗ-ਰੂਪ ਅਤੇ ਅਮੀਰੀ -ਗਰੀਬੀ ਦੇ ਵਿਤਕਰੇ ਤੋਂ ਰਹਿਤ ਬਹੁਤ ਸਾਰੇ ਲੋਕਾਂ ਵੱਲੋਂ ਬਹੁਤ ਸ਼ਰਧਾ ਭਾਵ ਨਾਲ ਖਾਣਾ ਬਣਾਇਆ ਜਾਂਦਾ ਹੈ ਤੇ ਫਿਰ ਸਾਰੇ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਉਹੀ ਖਾਣਾ ਆਮ ਲੋਕਾਂ ਨੂੰ ਸੰਗਤ ਦੇ ਰੂਪ ਵਿੱਚ ਛਕਾਇਆ ਜਾਂਦਾ ਹੈ। ਲੰਗਰ ਵਿੱਚ ਸਾਰੀ ਸੰਗਤ ਨੂੰ ਇੱਕ ਪੰਗਤ ਵਿੱਚ ਬਿਠਾ ਕੇ ਇਸ ਤਰ੍ਹਾਂ ਪਰੋਸਿਆ ਜਾਂਦਾ ਹੈ ਕਿ ਸਾਰੇ ਲੋਕ ਆਪਣੇ ਪਿਛੋਕੜ ਦੇ ਵਿਤਕਰੇ ਭਾਵ ਨੂੰ ਭੁਲਾ ਕੇ ਛਕ ਸਕਣ।ਜਿਸ ਤਰ੍ਹਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਏਕਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ ਉਸੇ ਤਰ੍ਹਾਂ ਲੰਗਰ ਪਕਾਉਣ ਅਤੇ ਛਕਾਉਣ ਦੀ ਸੇਵਾ ਕਰਨ ਨਾਲ ਹਉਮੈ ਦੀ ਨਵਿਰਤੀ ਹੁੰਦੀ ਹੈ। ਲੰਗਰ ਦੀ ਸੇਵਾ ਅਸਲ 'ਚ ਗੁਰੂ ਦੀ ਸੇਵਾ ਹੈ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਰਸਮੀ ਤੌਰ ਤੇ ਲੰਗਰ ਪ੍ਰਥਾ ਦੀ ਸ਼ੁਰੂਆਤ ਤੀਜੇ ਗੁਰੂ ਅਮਰਦਾਸ ਜੀ ਦੇ ਦੌਰ ਵਿੱਚ ਹੋਈ। ਉਂਝ ਜੇ ਦੇਖਿਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਦੇ ਵੀਹ ਰੁਪਏ ਦੇ ਸੱਚੇ ਸੌਦੇ ਤੋਂ ਹੀ ਇਹ ਪ੍ਰਥਾ ਚਾਲੂ ਹੋ ਗਈ ਸੀ।

ਸਮਾਜ ਵੀਕਲੀ ਨਿਊਜ਼

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

ਬਾਣੀ ਦੀਆਂ ਉਪਰੋਕਤ ਤੁਕਾਂ ਅਨੁਸਾਰ ਹੁਣ ਜੇ ਲੰਗਰ ਪਕਾਉਣ ਦੀ ਗੱਲ ਕਰੀਏ ਤਾਂ ਅਧਿਆਤਮਿਕ ਮਾਰਗ 'ਤੇ ਚੱਲਦਿਆਂ ਗੁਰੂ ਘਰ ਵਿੱਚ ਨਿਰ-ਇੱਛਤ ਅਤੇ ਸ਼ਰਧਾ ਨਾਲ ਕੀਤੀ ਗਈ ਸੇਵਾ ਦੀ ਬੜੀ ਮਹਾਨਤਾ ਹੈ ਅਤੇ ਉਹ ਗੁਰੂ ਦੇ ਦਰ 'ਤੇ ਪਰਵਾਨ ਹੁੰਦੀ ਹੈ। ਸੇਵਾ ਕਰਨ ਵਾਲੇ ਸੇਵਕ ਦਾ ਹਉਮੈ ਰੋਗ ਕੱਟਿਆ ਜਾਂਦਾ ਹੈ। ਸੇਵਾ ਕਰਨ ਨਾਲ ਮਨ ਵਿੱਚ ਹਲੀਮੀ ਆਉਂਦੀ ਹੈ। ਲੰਗਰ ਪਕਾਉਣ ਸਮੇਂ ਜੋ ਸੇਵਾ ਭਾਵ ਉਪਜਦਾ ਹੈ ਉਸ ਸਮੇਂ ਮਨੁੱਖ ਦੇ ਅੰਦਰ ਦੀ ਪ੍ਰਵਿਰਤੀ ਐਨੀ ਸ਼ੁੱਧ ਹੋਈ ਹੁੰਦੀ ਹੈ ਕਿ ਉਸ ਦੇ ਹਿਰਦੇ ਵਿੱਚ ਸ਼ਰਧਾ ਭਾਵਨਾ ਠਾਠਾਂ ਮਾਰ ਰਹੀ ਹੁੰਦੀ ਹੈ,ਉਸ ਦੀ ਜ਼ੁਬਾਨ ਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਚੱਲ ਰਿਹਾ ਹੁੰਦਾ ਹੈ ਅਤੇ ਰੋਮ ਰੋਮ ਵਿੱਚੋਂ ਪਰਮਾਤਮ ਪਿਆਰ ਦੀਆਂ ਤਰੰਗਾਂ ਜਦ ਨਿਕਲਦੀਆਂ ਹਨ ਤਾਂ ਉਨ੍ਹਾਂ ਹੱਥਾਂ ਨਾਲ ਬਣਾਇਆ ਖਾਣਾ ਲੰਗਰ ਬਣ ਜਾਂਦਾ ਹੈ ਜਿਸ ਨੂੰ ਪੰਗਤ ਵਿੱਚ ਬੈਠ ਕੇ ਛਕਣ ਵਾਲੀ ਸੰਗਤ ਬਹੁਤ ਆਨੰਦਿਤ ਮਹਿਸੂਸ ਕਰਦੀ ਹੈ।


ਜਿਵੇਂ ਜਿਵੇਂ ਅਬਾਦੀ ਵਧ ਰਹੀ ਹੈ ਅਤੇ ਵਿਸ਼ਵੀਕਰਨ ਹੋ ਰਿਹਾ ਹੈ ਤਿਵੇਂ ਤਿਵੇਂ ਲੋਕਾਂ ਅੰਦਰ ਲੰਗਰ ਪਕਾਉਣ ਪ੍ਰਤੀ ਸੇਵਾ ਭਾਵਨਾ ਘਟਦੀ ਜਾ ਰਹੀ ਹੈ। ਜਿੱਥੇ ਸਮੇਂ ਦੀ ਲੋੜ ਮੁਤਾਬਿਕ ਸੰਗਤਾਂ ਦੀ ਸੁੱਖ ਸਹੂਲਤ ਲਈ ਇਤਿਹਾਸਕ ਗੁਰੂ ਘਰਾਂ ਵਿੱਚ ਲੰਗਰ ਪਕਾਉਣ ਵਾਲ਼ੀਆਂ ਮਸ਼ੀਨਾਂ ਆ ਗਈਆਂ ਹਨ,ਉੱਥੇ ਸੰਗਤਾਂ ਦੀ ਸਮੇਂ ਦੀ ਬੱਚਤ ਹੁੰਦੀ ਹੈ ਕਿਉਂਕਿ ਨਹੀਂ ਤਾਂ ਜ਼ਿਆਦਾ ਸੰਗਤ ਹੋਣ ਕਰਕੇ ਕਈ ਗੁਰਦੁਆਰਿਆਂ ਵਿੱਚ ਲੰਗਰ ਛਕਣ ਲਈ ਲਾਈਨਾਂ ਵਿੱਚ ਖੜ੍ਹ ਕੇ ਲੰਗਰ ਛਕਣ ਲਈ ਵਾਰੀ ਆਉਣ ਦਾ ਇੰਤਜ਼ਾਰ ਕਰਨਾ ਪੈਂਦਾ ਸੀ।ਪਰ ਇਹ ਗੱਲ ਵੱਡੇ ਇਤਿਹਾਸਕ ਗੁਰਦੁਆਰਿਆਂ ਵਿੱਚ ਤਾਂ ਢੁਕਦੀ ਹੈ ਕਿਉਂਕਿ ਉੱਥੇ ਹਰ ਵੇਲੇ ਦੂਰ ਦੂਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਆਉਣ ਕਰਕੇ ਉਨ੍ਹਾਂ ਦੀ ਸੁੱਖ ਸਹੂਲਤਾਂ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਦੂਜੀ ਗੱਲ ਮਸ਼ੀਨਾਂ ਰਾਹੀਂ ਤਿਆਰ ਹੋ ਰਹੇ ਲੰਗਰ ਲਈ ਵੀ ਸੈਂਕੜੇ ਸੇਵਾਦਾਰ ਪ੍ਰਭੂ ਸਿਮਰਨ ਕਰਦੇ ਹੋਏ ਪੂਰੀ ਸੇਵਾ ਭਾਵਨਾ ਨਾਲ ਲੰਗਰ ਪਕਾਉਣ ਵਿੱਚ ਯੋਗਦਾਨ ਪਾ ਰਹੇ ਹੁੰਦੇ ਹਨ।

ਅੱਜ ਕੱਲ੍ਹ ਪਿੰਡਾਂ, ਨਗਰਾਂ ਅਤੇ ਮੁਹੱਲਿਆਂ ਵਿੱਚ ਬਣੇ ਗੁਰਦੁਆਰਿਆਂ ਵਿੱਚ ਲੰਗਰ ਪਕਾਉਣ ਲਈ ਲੋਕਾਂ ਵਿੱਚ ਸੇਵਾ ਭਾਵਨਾ ਘਟਦੀ ਜਾ ਰਹੀ ਹੈ । ਇਸ ਦਾ ਕਾਰਨ ਸਮੇਂ ਦੀ ਕਮੀਂ ਹੋਣ ਕਰਕੇ ਜਾਂ ਐਸ਼ ਇਸ਼ਰਤ ਭਰਪੂਰ ਅਤੇ ਅਰਾਮ ਪ੍ਰਸਤ ਜੀਵਨ ਸ਼ੈਲੀ ਅਪਣਾਉਣ ਕਰਕੇ ਜਾਂ ਫਿਰ ਕਈ ਹੋਰ ਕਾਰਨ ਹੋਣ ਕਰਕੇ । ਹਜੇ ਕੁਝ ਵਰ੍ਹੇ ਪਹਿਲਾਂ ਤੱਕ ਹੀ ਲੰਗਰ ਪਕਾਉਣ ਲਈ ਸਬੰਧਤ ਨਗਰਾਂ ਦੀਆਂ ਵਾਸੀ ਔਰਤਾਂ, ਬੱਚਿਆਂ ਅਤੇ ਬੰਦਿਆਂ ਵਿੱਚ ਸੇਵਾ ਭਾਵਨਾ ਐਨੀ ਪ੍ਰਬਲ ਹੁੰਦੀ ਸੀ ਕਿ ਰੋਟੀ ਪਕਾਉਣ ਲਈ ਔਰਤਾਂ ਨੂੰ ਸੇਵਾ ਕਰਨ ਲਈ ਇੰਤਜ਼ਾਰ ਕਰਕੇ ਮੌਕਾ ਲੱਭਣਾ ਪੈਂਦਾ ਸੀ। ਦਾਲਾਂ ਸਬਜ਼ੀਆਂ ਬਣਾਉਣ ਲਈ ਇੱਕ ਦਿਨ ਪਹਿਲਾਂ ਹੀ ਔਰਤਾਂ,ਬੱਚੇ ਸਬਜ਼ੀਆਂ ਕੱਟਣ ਲਈ ਪਹੁੰਚ ਜਾਂਦੇ ਸਨ। ਸਾਰਿਆਂ ਅੰਦਰ ਸ਼ਰਧਾ ਭਾਵ ਐਨਾ ਪ੍ਰਬਲ ਹੁੰਦਾ ਸੀ ਕਿ ਜਿੱਥੇ ਇੱਕ ਦੂਜੇ ਤੋਂ ਅੱਗੇ ਹੋ ਕੇ ਸੇਵਾ ਕਰਦੇ ਸਨ ਉੱਥੇ ਹੀ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲੇ ਸਮਝਦੇ ਸਨ ਕਿ ਉਹਨਾਂ ਨੂੰ ਇਹ ਸੁਭਾਗਾ ਮੌਕਾ ਪ੍ਰਾਪਤ ਹੋਇਆ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਲੰਗਰ ਪਕਾਉਣ ਲਈ ਸੇਵਾ ਭਾਵਨਾ ਵਿੱਚ ਕਮੀ ਆਈ ਹੈ,ਇਸ ਗੱਲ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਲੰਗਰ ਵਿੱਚ ਪ੍ਰਸ਼ਾਦੇ ਪਕਾਉਣ ਲਈ ਬੀਬੀਆਂ ਦਿਹਾੜੀ ਤੇ ਲਿਆਂਦੀਆਂ ਜਾਂਦੀਆਂ ਹਨ। ਆਮ ਕਰਕੇ ਘਰਾਂ ਵਿੱਚ ਖਾਣ ਵਾਲੀ ਰੋਟੀ ਨੂੰ ਗੁਰੂ ਘਰ ਵਿੱਚ ਪ੍ਰਸ਼ਾਦੇ ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਉਹ ਲੰਗਰ ਵਿੱਚ ਸ਼ਰਧਾ,ਪਿਆਰ ਅਤੇ ਸਤਿਕ-ਾਰ ਨਾਲ ਬਣੇ ਹੋਣ ਕਰਕੇ ਪ੍ਰਸ਼ਾਦ ਰੂਪ ਹੋ ਜਾਂਦਾ ਹੈ। ਵਪਾਰੀਕਰਨ ਵਧਣ ਨਾਲ ਬੇਸ਼ੱਕ ਔਰਤਾਂ ਦਿਹਾੜੀ ਤੇ ਪ੍ਰਸ਼ਾਦੇ ਬਣਾ ਕੇ ਆਪਣੇ ਪਰਿਵਾਰ ਲਈ ਕਮਾਈ ਕਰਦੀਆਂ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਦਿਹਾੜੀ ਤੇ ਕੰਮ ਕਰਨ ਵਾਲੇ ਵਿਅਕਤੀ ਅੰਦਰ ਧਾਰਮਿਕ ਭਾਵਨਾਵਾਂ ਦੀ ਕਮੀ ਹੁੰਦੀ ਹੈ, ਉਸ ਅੰਦਰ ਸ਼ਰਧਾ ਘੱਟ ਤੇ ਲਾਲਚ ਵੱਧ ਹੁੰਦਾ ਹੈ, ਉਹ ਤਿੰਨ ਚਾਰ ਔਰਤਾਂ ਰੋਟੀਆਂ ਪਕਾਉਂਦੀਆਂ ਹੋਈਆਂ ਨਾਮ ਸਿਮਰਨ ਦੀ ਬਿਜਾਏ ਘੁਸਰ ਮੁਸਰ ਕਰਦੀਆਂ ਚੁਗ਼ਲੀਆਂ ਕਰਦੀਆਂ ਪਾਈਆਂ ਜਾਂਦੀਆਂ ਹਨ। ਇਹੋ ਜਿਹੀਆਂ ਮਕਾਰ ਭਾਵਨਾਵਾਂ ਨਾਲ ਪਕਾਈਆਂ ਰੋਟੀਆਂ ਪ੍ਰਸ਼ਾਦਾ ਕਿਵੇਂ ਬਣ ਸਕਣਗੀਆਂ, ਉਹਨਾਂ ਅੰਦਰ ਪਰਮਾਤਮ ਰਸ ਕਿਵੇਂ ਪੈਦਾ ਹੋਵੇਗਾ,ਇਹ ਡੂੰਘਾਈ ਨਾਲ ਸੋਚਣ ਦਾ ਵਿਸ਼ਾ ਹੈ।

ਪਿਛਲੇ ਦਿਨੀਂ ਸਾਡੇ ਬਜ਼ੁਰਗ ਅਕਾਲ ਚਲਾਣਾ ਕਰ ਗਏ। ਸਸਕਾਰ ਕਰਨ ਉਪਰੰਤ ਗੁਰੂ ਘਰ ਅਰਦਾਸ ਲਈ ਪੁੱਜੇ।ਆਈ ਸੰਗਤ ਲਈ ਘਰੋਂ ਕੰਮ ਵਾਲ਼ੀ ਨੇ ਗੁਰਦੁਆਰਾ ਸਾਹਿਬ ਆ ਕੇ ਵਧੀਆ ਗਾੜ੍ਹੀ ਜਿਹੀ ਦਾਲ ਬਣਾ ਕੇ ਰੱਖ ਦਿੱਤੀ ਸੀ ਤੇ ਦਿਹਾੜੀ ਤੇ ਰੋਟੀਆਂ ਬਣਾਉਣ ਵਾਲੀਆਂ ਨੂੰ ਪ੍ਰਸ਼ਾਦਾ ਪਕਾਉਣ ਲਈ ਆਖ ਦਿੱਤਾ ਗਿਆ ਸੀ। ਜਦ ਸਸਕਾਰ ਕਰ ਕੇ ਆਏ ਲੋਕ ਗੁਰਦੁਆਰੇ ਅਰਦਾਸ ਉਪਰੰਤ ਲੰਗਰ ਛਕਣ ਲਈ ਬੈਠੇ ਤਾਂ ਦਾਲ ਫੁਲਕਾ ਪਰੋਸਿਆ ਗਿਆ। ਪਰ ਲੋਕਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਰੋਟੀ ਦਾਲ ਨਾਲ਼ ਖਾ ਰਹੇ ਸਨ ਜਾਂ ਨਮਕ ਹਲਦੀ ਪਾਕੇ ਉਬਲੇ ਹੋਏ ਪਾਣੀ ਨਾਲ਼ ਖਾ ਰਹੇ ਸਨ। ਸਾਨੂੰ ਬਹੁਤ ਸ਼ਰਮਿੰਦਗੀ ਮਹਿਸੂਸ ਹੋਈ ਪਰ ਮੌਕਾ ਇਹੋ ਜਿਹਾ ਸੀ ਕਿ ਕੋਈ ਖਾਣੇ ਬਾਰੇ ਗੱਲ ਕਰਦਾ ਚੰਗਾ ਨਹੀਂ ਲੱਗਦਾ ਸੀ। ਪਰ ਕੁਝ ਦਿਨਾਂ ਵਿੱਚ ਗੱਲ ਨਿਕਲ ਆਈ ਕਿ ਦਿਹਾੜੀ ਤੇ ਪ੍ਰਸ਼ਾਦੇ ਬਣਾਉਣ ਵਾਲ਼ੀਆਂ ਬੀਬੀਆਂ ਨੇ ਆਪਣੇ ਆਪਣੇ ਘਰਾਂ ਨੂੰ ਦਾਲ ਭੇਜ ਕੇ ਬਾਕੀ ਬਚੀ ਦਾਲ ਵਿੱਚ ਦੋ ਬਾਲਟੀਆਂ ਪਾਣੀ ਤੇ ਨਮਕ ਹਲਦੀ ਪਾ ਕੇ ਉਬਾਲ਼ ਦਿੱਤਾ ਸੀ। ਗੁਰਦੁਆਰਿਆਂ ਵਿੱਚ ਇਹੋ ਜਿਹੀ ਭਾਵਨਾ ਨਾਲ ਤਿਆਰ ਕਰਨ ਵਾਲੀਆਂ ਔਰਤਾਂ ਦੁਆਰਾ ਪਕਾਇਆ ਲੰਗਰ ਕਿੰਨਾ ਕੁ ਮਹੱਤਵ ਰੱਖਦਾ ਹੈ?

ਗੁਰਪੁਰਬ ਦੇ ਮੌਕਿਆਂ ਤੇ ਜਾਂ ਹੋਰ ਧਾਰਮਿਕ ਸਮਾਗਮਾਂ ਦੇ ਮੌਕਿਆਂ ਤੇ ਲੰਗਰ ਪਕਾਉਣ ਲਈ ਦਿਹਾੜੀ ਤੇ ਪ੍ਰਸ਼ਾਦੇ ਬਣਵਾਉਣਾ ਕਿੰਨਾ ਕੁ ਸਹੀ ਹੈ ਜਾਂ ਗ਼ਲਤ ਹੈ,ਇਸ ਬਾਰੇ ਤਾਂ ਮੈਂ ਬਹੁਤਾ ਕਿੰਤੂ ਪ੍ਰੰਤੂ ਨਹੀਂ ਕਰਦੀ ਪਰ ਐਨਾ ਜ਼ਰੂਰ ਹੈ ਕਿ ਸ਼ਰਧਾ ਭਾਵਨਾ ਨਾਲ ਪਕਾਈ ਰੋਟੀ ਜਦ ਪ੍ਰਸ਼ਾਦਾ ਬਣਦੀ ਹੈ ਤਾਂ ਅਧਿਆਤਮਕ ਭਾਵਨਾ ਵਿੱਚ ਰੰਗਿਆ ਉਹ ਪ੍ਰਸ਼ਾਦਾ ਮਨੁੱਖ ਦੇ ਲੱਖਾਂ ਰੋਗ ਤੋੜਨ ਵਾਲੀ ਦਾਰੂ ਬਣ ਜਾਂਦਾ ਹੈ ਜਿਸ ਦਾ ਮੁਕਾਬਲਾ ਦਿਹਾੜੀ ਦੇ ਕੇ ਤਿਆਰ ਕਰਵਾਇਆ ਪ੍ਰਸ਼ਾਦਾ ਕਦੇ ਨਹੀਂ ਕਰ ਸਕਦਾ। ਇਸ ਲਈ ਸਾਨੂੰ ਲੰਗਰ ਪਕਾਉਣ ਦੀ ਸੇਵਾ ਨਾਲ ਆਪ ਜੁੜ ਕੇ ਉਸ ਦਾ ਮਹੱਤਵ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸਣਾ ਚਾਹੀਦਾ ਹੈ ਅਤੇ ਇਸ ਨਾਲ ਵੱਧ ਤੋਂ ਵੱਧ ਜੋੜਨਾ ਚਾਹੀਦਾ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com